ਪੰਜਾਬੀ-ਸਾਹਿੱਤ-ਸਮੀਖਿਆ ਲੜੀ—੧

# ਸੰਤ ਇੰਦ੍ਰ ਸਿੰਘ 'ਚਕ੍ਰਵਰਤੀ'

ਦਾ

# 'ਮਾਲਵੇਂਦ੍ਰ' ਮਹਾਕਾਵਿ

(ਖੋਜ ਭਰੀ ਪੜਚੋਲ)

ਲੇਖਕ

ਸ਼ਮਸ਼ੇਰ ਸਿੰਘ 'ਅਸ਼ੋਕ'

ਸਰਹਿੰਦੀ ਗੇਟ, ਪਟਿਆਲਾ

(ਜੀਵਨ-ਪ੍ਰੀਤੀ ਪਟਿਆਲਾ ਅਪ੍ਰੈਲ ੧੯੫੯ ਵਿੱਚੋਂ)

ਸਭ ਹੱਕ ਰਾਖਵੇਂ ਹਨ

ਮੁੱਲ : ੨੫ ਨਵੇਂ ਪੈਸੇ

Digitized by Panjab Digital Library | www.panjabdigilib.org

# ਮੁੱਢਲੇ ਸ਼ਬਦ

ਬੜੇ ਚਿਰ ਤੋਂ ਮੇਰੀ ਦਿਲੀ ਇੱਛਾ ਸੀ ਕਿ ਮਾਤ-ਬੋਲੀ ਪੰਜਾਬੀ ਦੇ ਵਾਧੇ ਨੂੰ ਮੁਖ ਰੱਖ ਕੇ **'ਪੰਜਾਬੀ-ਸਾਹਿੱਤ-ਸਮੀਖਿਆ'** ਨਾਂ ਹੇਠ ਇਕ ਅਜਿਹੀ ਲੇਖ-ਲੜੀ ਸ਼ੁਰੂ ਕੀਤੀ ਜਾਵੇ ਜਿਸ ਵਿਚ ਪੰਜਾਬੀ ਕਾਵਿ-ਕ੍ਰਿਤਾਂ ਦੇ ਨਿਰੇ ਤਾਰੀਫ਼ੀ ਰੀਵੀਊ ਹੀ ਨਾ ਹੋਣ, ਜਿਵੇਂ ਕਿ ਅੱਜ ਕਲ ਆਮ ਤੌਰ ਤੇ ਕੁਝ ਸਾਹਿੱਤਕਾਰਾਂ ਜਾਂ ਪੜਚੋਲੀਆਂ ਵਲੋਂ ਕੀਤੇ ਜਾਂਦੇ ਹਨ, ਸਗੋਂ ਉਨ੍ਹਾਂ ਦੇ ਕਾਵਿ-ਦੋਸ਼ ਵੀ ਜੇ ਕੋਈ ਹੋਣ ਤਾਂ ਖੁਲ੍ਹ ਦਿਲੀ ਨਾਲ ਦੱਸੇ ਜਾਣ, ਤੇ ਇਸਤਰਾਂ ਪੰਜਾਬੀ-ਸਾਹਿੱਤ ਦੇ ਵਿਦਿਆਰਥੀਆਂ ਨੂੰ ਦੇਸ਼ ਵਿਚ ਵਧ ਰਹੀਆਂ ਦਿਮਾਗੀ ਗੁਲਾਮੀ ਦੀਆਂ ਗੁੱਟ-ਬੰਦੀਆਂ ਦੇ ਦਬਾਉ ਹੇਠੋਂ ਕੱਢ ਕੇ ਪੂਰੀ ਪੂਰੀ ਆਜ਼ਾਦੀ ਨਾਲ ਵਿਚਰਨ ਤੇ ਖੁਲ੍ਹਾਂ ਮਾਣਨ ਦਾ ਮੌਕਾ ਦਿੱਤਾ ਜਾਵੇ। ਇਸ ਵਿਚਾਰ ਨੂੰ ਮੁਖ ਰੱਖ ਕੇ ਇਹ ਇਸ ਲੜੀ ਦਾ ਪਹਿਲਾ ਲੇਖ ਹੈ। ਇਸੇ ਤਰਾਂ ਇਸ ਤੋਂ ਅਗਲੇ ਲੇਖਾਂ ਵਿਚ ਕਈ ਹੋਰ ਕਵੀਆਂ ਤੇ ਸਾਹਿੱਤਕਾਰਾਂ ਦੇ, ਜਿਨ੍ਹਾਂ ਨੇ ਸਾਹਿੱਤ ਦਾ ਐਵੇਂ ਪਿੜ ਮੱਲਿਆ ਹੋਇਆ ਹੈ, ਪੜਚੋਲ ਰੂਪ ਰੇਖਾ-ਚਿਤ੍ਰਾਂ ਰਾਹੀਂ ਦਰਸ਼ਨ ਕਰਵਾਏ ਜਾਣਗੇ।

ਆਸ ਹੈ, ਪਾਠਕ ਇਸ ਸਾਹਿੱਤ-ਸਮੀਖਿਆ-ਲੜੀ ਨੂੰ ਅਪਣਾ ਕੇ ਮੇਰਾ ਉਤਸਾਹ ਵਧਾਉਣਗੇ।

ਪਟਿਆਲਾ :
੧੫–੩–੫੯

ਸ਼ਮਸ਼ੇਰ ਸਿੰਘ 'ਅਸ਼ੋਕ'

Digitized by Panjab Digital Library | www.panjabdigilib.org

# ਸੰਤ ਇੰਦ੍ਰ ਸਿੰਘ 'ਚਕ੍ਰਵਰਤੀ' ਦਾ

# ਮਾਲਵੇਂਦ੍ਰ ਮਹਾਕਾਵਿ

'ਮਾਲਵੇਂਦ੍ਰ' ਮਹਾਕਾਵਿ ਅਤੇ ਉਸ ਦੀ ਭੂਮਿਕਾ 'ਕੂਕਿਆਂ ਬਾਰੇ,' ਜੋ ਸੰਤ ਇੰਦਰ ਸਿੰਘ 'ਚਕ੍ਰਵਰਤੀ' ਦੀਆਂ ਰਚਨਾਵਾਂ ਹਨ, ਮੇਰੇ ਇਸ ਮਜ਼ਮੂਨ ਦਾ ਵਿਸ਼ਾ ਹਨ। ਇਹ ਪੁਸਤਕ ਹੈ ਤਾਂ ਅਸਲ ਵਿਚ ਇਕੋ ਹੀ ਚੀਜ਼, ਪਰ ਥੋੜੇ ਜਿਹੇ ਆਕਾਰ-ਪ੍ਰਕਾਰ ਦੇ ਫ਼ਰਕ ਨੂੰ ਮੁਖ ਰੱਖ ਕੇ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ ਜਿਸ ਦਾ ਵੇਰਵਾ ਹਰੇਕ ਭਾਗ ਦੇ ਕ੍ਰਮ ਅਤੇ ਸਫ਼ਿਆਂ ਦੇ ਜੋੜ ਸਹਿਤ ਇਸ ਪ੍ਰਕਾਰ ਹੈ—

(੧) ਕੂਕਿਆਂ ਬਾਰੇ (ਭੂਮਿਕਾ), ਸਫ਼ੇ ੧੩ + ੩੦੮ = ੩੨੧

(੨) ਮਾਲਵੇਂਦ੍ਰ (ਮੂਲ ਪੁਸਤਕ ਸਣੇ ਮੁਖਬੰਧ ਆਦਿ) ਸਫ਼ੇ ੫੬ + ੪੬੮ = ੫੨੪

ਕੁਲ ਜੋੜ: ੮੪੫ ਸਫ਼ੇ

ਪਹਿਲਾ ਭਾਗ ਭੂਮਿਕਾ (ਕੂਕਿਆਂ ਬਾਰੇ) ਪੂਰਨ ਸਿੰਘ ਰਵੇਂਦ੍ਰ ਸਿੰਘ, ਨਾਹਰ ਭਵਨ, ਸਮਾਣੀ ਗੇਟ ਪਟਿਆਲਾ ਵਲੋਂ ਦਸੰਬਰ ਸੰਨ ੧੯੫੬ ਵਿਚ ਛਪੀ ਸੀ ਤੇ ਦੂਜਾ ਭਾਗ 'ਮਾਲਵੇਂਦ੍ਰ' ਮਹਾਕਾਵਿ, ਨਾਮਧਾਰੀ ਸੰਗਤਿ ਦਿਲੀ ਵਲੋਂ ਇਸ ਤੋਂ ਅੱਠ ਮਹੀਨੇ ਪਿਛੋਂ ਜੁਲਾਈ ਸੰਨ ੧੯੫੭ ਈ: ਵਿਚ। ਸ਼ਾਇਦ ਇਸ ਤੋਂ ਕਿਸੇ ਪਾਠਕ ਨੂੰ ਭੁਲੇਖਾ ਲਗੇ ਕਿ ਇਹ ਪੁਸਤਕਾਂ ਤਾਂ ਦੋ ਹਨ, ਫਿਰ ਇਕੋ ਪੁਸਤਕ ਦੇ ਵਖੋ ਵਖ ਭਾਗ ਕਿਵੇਂ ਹੋਈਆਂ। ਇਸ ਗੱਲ ਦੇ ਸਬੂਤ ਲਈ ਮੈਂ ਸ: ਰਾਜਿੰਦਰ ਸਿੰਘ ਐਡੀਟਰ ਸਤਿਜੁਗ ਦੀ ਲਿਖਤ ਦਾ ਹਵਾਲਾ ਦਿੰਦਾ ਹਾਂ। ਉਹ ਲਿਖਦੇ ਹਨ:---

> "ਕੂਕਿਆਂ ਦੀ ਵਿਥਿਆ" ਵਿਚ ਉਸ ਦੇ ਲੇਖਕ (ਡਾ: ਗੰਡਾ ਸਿੰਘ) ਨੇ ਸਾਰਾ ਜ਼ੋਰ ਸਤਿਗੁਰੂ ਰਾਮ ਸਿੰਘ ਜੀ ਨੂੰ ਭਾਈ ਬਣਾਉਣ ਤੇ ਲਾ ਦਿੱਤਾ ਹੈ। ਇਨ੍ਹਾਂ ਸਾਰੀਆਂ ਗੱਲਾਂ ਤੇ ਗਲਤ ਬਿਆਨੀਆਂ ਦਾ ਜੁਆਬ ਦੇਣਾ ਜ਼ਰੂਰੀ ਸੀ ਜੋ ਮਹਾਕਾਵਿ "ਮਾਲਵੇਂਦ੍ਰ" ਦੀ ਭੂਮਿਕਾ ਵਿਚ ਹੀ ਦਿੱਤਾ ਜਾ ਸਕਦਾ ਸੀ। ਸ੍ਰੀ ਚਕ੍ਰਵਰਤੀ ਜੀ ਨੇ ਭੂਮਿਕਾ ਲਿਖੀ, ਜਿਸਵਿਚ ਵਿਰੋਧੀ ਲਿਖਤਾਂ ਦਾ ਮੁਕੰਮਲ ਜੁਆਬ



Digitized by Panjab Digital Library | www.panjabdigilib.org

ਉਨ੍ਹਾਂ ਨੇ ਆਪਣਿਆਂ ਦੀਆਂ ਲਿਖਤਾਂ ਦੇ ਹਵਾਲੇ ਦੇ ਕੇ ਤਿਆਰ ਕੀਤਾ। ਉਹ ਜੁਆਬ ਸੰਖਿਪਤ ਕਰਨ ਤੇ ਵੀ ਏਨਾ ਵਧ ਗਿਆ ਕਿ ਪੁਸਤਕ ਬਣ ਗਈ। ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਤੇ ਹੋਰ ਵਿਚਾਰਵਾਨ ਆਦਮੀਆਂ ਨੇ ਏਸ ਪੁਸਤਕ ਨੂੰ ਭੂਮਿਕਾ ਦੇ ਰੂਪ ਵਿਚ ਅੱਡ ਛਾਪਣ ਦਾ ਫੈਸਲਾ ਕੀਤਾ ਜਿਸਦਾ ਨਾਮ "ਕੂਕਿਆਂ ਬਾਰੇ" ਰੱਖਿਆ।" (ਦੇਖੋ, ਕੂਕਿਆਂ ਬਾਰੇ, ਸਫ਼ਾ ੨)

'ਮਾਲਵੇਂਦਰ' ਵਿਚ ਨਾਮਧਾਰੀ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਜੀ ਦੀ ਜੀਵਨੀ ੩੩ ਸਰਗਾਂ ਵਿਚ ਦਿਤੀ ਹੋਈ ਹੈ ਅਤੇ ਭੂਮਿਕਾ (ਕੂਕਿਆਂ ਬਾਰੇ) ਵਿਚ ਉਪਰੋਕਤ ਢੰਗ ਦੇ ਖੰਡਨ ਮੰਡਨ ਤੋਂ ਇਲਾਵਾ ਉਨ੍ਹਾਂ ਨਾਮਧਾਰੀਆਂ ਦੇ ਕੁਝ ਹਾਲ ਹਨ ਜਿਨ੍ਹਾਂ ਨੇ ਇਸ ਪੁਸਤਕ ਦੇ ਪ੍ਰਕਾਸ਼ਿਤ ਕਰਨ ਵਿਚ ਹਿੱਸਾ ਲਿਆ।

੨.

ਸੰਤ ਇੰਦਰ ਸਿੰਘ 'ਚਕ੍ਰਵਰਤੀ' ਨੇ ਇਹ ਪੁਸਤਕ ਕਦੋਂ ਤੇ ਕਿਵੇਂ ਤਿਆਰ ਕੀਤੀ, ਏਥੇ ਪਹਿਲਾਂ ਇਸ ਸੰਬੰਧ ਵਿਚ ਇਕ ਦੋ ਜ਼ਰੂਰੀ ਗੱਲਾਂ ਲਿਖਦਾ ਹਾਂ। ਪ੍ਰਸਿੱਧ ਨਾਮਧਾਰੀ ਪ੍ਰਚਾਰਕ ਸੰਤ ਨਿਧਾਨ ਸਿੰਘ ਜੀ 'ਆਲਿਮ' 'ਮਾਲਵੇਂਦ੍ਰ' ਦੇ ਮੁੱਢ ਵਿਚ ਹੀ ਇਸ ਬਾਰੇ ਇਕ ਥਾਵੇਂ ਲਿਖਦੇ ਹਨ—

"ਅੱਜ ਤੋਂ ਪੰਜ ਸਾਲ ਪਹਿਲੋਂ.........ਚਕਰਵਰਤੀ ਜੀ ਜਦੋਂ ਸੁੱਤੇ ਹੋਏ ਸਨ ਤਾਂ ਅਚਾਨਕ ਦ੍ਰਿਸ਼ਟਾਂਤ ਦੀ ਤਰਾਂ ਵਾਕਿਆ ਹੋਇਆ—ਕੁਝ ਕਰ, ਕੁਝ ਲਿਖ, ਜੋ ਲਿਖੇਗਾਂ ਉਹ ਕ੍ਰਾਂਤੀ ਪਦਾ ਕਰ ਦੇਵੇਗਾ। ਬੇ-ਖ਼ੌਫ਼ ਲਿਖ, ਝਿਜਕਣ ਦੀ ਲੋੜ ਨਹੀਂ, ਮੈਂ ਲਿਖਵਾਵਾਂਗਾ ਤੂੰ ਬਲ ਧਾਰ। ਅਚਾਨਕ ਤੇਜ਼ ਕਿਰਨ ਪੈਣ ਤੋਂ ਜਿਵੇਂ ਆਦਮੀ ਚੁੰਧਿਆਂ ਜਾਂਦਾ ਹੈ ਏਸੇਤਰਾਂ ਚਕਰਵਰਤੀ ਜੀ ਝੁਣ ਝੁਣਾਏ। ਚਿੰਨ੍ਹਾਤਮਕ ਮੂਰਤੀ ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸੀ, ਅਲੋਪ ਹੋ ਗਈ। ਇਹ ਉਠੇ ਤੇ ਸੋਚਿਆ-ਕੀ ਲਿਖਾਂ।.........ਦਿਮਾਗ਼ ਵਿਸ਼ਾਲ ਹੋ ਗਿਆ ਤੇ ਸਾਹਿਤਕ ਸ਼ਕਤੀਆਂ ਸਰੀਰ ਵਿਚ ਪ੍ਰਵਿਸ਼ ਕਰ ਗਈਆਂ ਤੇ ਸਰਸ੍ਵਤੀ ਰਸਨਾ ਤੇ ਬੈਠ ਗਈ ......। ਕਲਮ ਉਠਾਈ ਤੇ ਲਿਖਣ ਬਹਿ ਗਏ।..........ਮਹਾਕਾਵਿ 'ਮਾਲਵੇਂਦ੍ਰ' ਦੀ ਰੂਪ-ਰੇਖਾ ਤਿਆਰ ਹੋ ਗਈ।" (ਦੇਖੋ, 'ਮਾਲਵੇਂਦ੍ਰ, ਸਫ਼ੇ ੮-੯) ਤੇ ਸੰਤ 'ਚਕਰਵਰਤੀ' ਜੀ 'ਆਲਿਮ' ਹੋਰਾਂ ਦੇ ਇਸ ਕਥਨ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ:—

(੧)"ਇਨ੍ਹਾਂ ਵਿਚਾਰਾਂ ਵਿਚ ਪਤਾ ਨਹੀਂ ਕਦੋਂ ਨੀਂਦਰ ਪੈ ਗਈ। ਅਚਾਨਕ ਕਮਰਾ ਪ੍ਰਕਾਸ਼ ਨਾਲ ਭਰ ਗਿਆ। ਜਿਨ੍ਹਾਂ ਦੀ ਯਾਦ ਵਿਚ ਸੁੱਤਾ ਸਾਂ ਉਹ ਖਲੋਤੇ ਆਖ ਰਹੇ ਸਨ ਉਠ।



Digitized by Panjab Digital Library | www.panjabdigilib.org

ਮੈਂ ਉਠਿਆ, ਤਕਿਆ, ਕਮਰਾ ਖਾਲੀ ਸੀ।........ਫਿਰ ਸੌਂ ਗਿਆ, ਪਰ ਹੁਣ ਚੰਗੀਤਰਾਂ ਝੰਜੋੜ ਕੇ ਜਗਾ ਕੇ ਬਿਠਾਲ ਦਿਤਾ ਗਿਆ ਸੀ।........ਆਵਾਜ਼ ਆਈ ਉਠ ਉਠ ਕੇ ਲਿਖ? ਮੈਂ ਕਿਹਾ ਦਫ਼ਤਰ ਦਾ ਕੰਮ ਨਿਬੇੜ ਕੇ ਆਇਆ ਹਾਂ।....... ਹੁਣ ਕੀ ਲਿਖਾਂ। ਸੌਣ ਕਿਉਂ ਨਹੀਂ ਜੇ ਦੇਂਦੇ? ਜੋ ਮੈਂ ਲਿਖਵਾਵਾਂਗਾ। ਸਾਵਧਾਨ ਹੋ ਕਲਮ ਫੜ? ਲਿਖਾਣ ਵਾਲਾ ਆਪ ਹੀ ਲਿਖਾ ਲਏਗਾ। ਤੂੰ ਉਠ ਤੇ ਸਈ?"

ਅੱਖਾਂ ਨੀਂਦ੍ਰਾਂਵਲੀਆਂ ਸਨ।...... ਗੁਸਲਖ਼ਾਨੇ ਗਿਆ। ਮੂੰਹ ਧੋਤਾ, ਲਾਇ-ਬਰੇਰੀ ਵਿਚ ਆ ਬੈਠਾ.....ਪੰਜ ਵਜੇ ਸ਼ਾਮ ਤੀਕਰ 'ਮਾਲਵੇਂਦ੍ਰ' ਦੀ ਰੂਪ-ਰੇਖਾ...... ਤਿਆਰ ਹੋ ਗਈ.....। (ਕੂਕਿਆਂ ਬਾਰੇ, ਸਫ਼ੇ ੧੭੬-੭੭)

(੨) ਮੈਂ ਫਿਰ ਲਿਖਣਾ ਸ਼ੁਰ ਕਰ ਦਿੱਤਾ। ਜੇ ਕਦੀ ਨੀਂਦਰ ਨੇ ਜ਼ੋਰ ਪਾਇਆ ਤਦ ਠੁੱਡਾ ਵਜਦਾ.....ਤੇ.....ਰੋਹਬੀਲੀ ਆਵਾਜ਼ ਆਉਂਦੀ—"ਉਠ ਲਿਖ?"

(ਕੂਕਿਆਂ ਬਾਰੇ, ਸਫ਼ਾ ੧੮੨)

ਇਹ ਹੈਰਾਨੀ ਭਰਿਆ ਸੁਪਨ-ਦਰਸ਼ਨ ਜੇ ਸਤਿਜੁਗ ਦੀ ਕਿਸੇ ਅਨ੍ਹੇਰੀ ਰਾਤ ਵਿਚ ਹੁੰਦਾ ਤਾਂ ਸ਼ਾਇਦ ਕੋਈ ਹੋਰ ਗੱਲ ਹੁੰਦੀ, ਪਰ ਇਸ ਰੌਸ਼ਨੀ ਦੇ ਜ਼ਮਾਨੇ (ਘੋਰ ਕਲੂਕਾਲ) ਵਿਚ ਅਜਿਹੇ ਦਰਸ਼ਨ ਸੱਚਮੁੱਚ ਹੀ ਬੜੇ ਵਚਿਤ੍ਰ ਹਨ।

ਆਲਮ ਜੀ ਦੀ ਇਹ ਭੂਮਿਕਾ ਦਸੰਬਰ ਸੰਨ ੧੯੫੬ ਵਿਚ ਲਿਖੀ ਗਈ ਸੀ। ਪਰ 'ਮਾਲਵੇਂਦ੍ਰ' ਦੀ ਰਚਨਾ ਇਸ ਤੋਂ ਪੰਜ ਸਾਲ ਪਹਿਲਾਂ (ਸੰਨ ੧੯੫੧ ਵਿਚ), ਜਿਵੇਂ ਕਿ ਪਹਿਲਾਂ ਉਦਾਹਰਣ ਵਿਚ ਦਸਿਆ ਗਿਆ ਹੈ, ਸ਼ੁਰੂ ਹੋਈ ਸੀ। ਚਕਰਵਰਤੀ ਜੀ ਇਸ ਲਿਖਤ ਨੂੰ contradict ਕਰਦੇ ਹੋਏ ਇਕ ਥਾਵੇਂ ਲਿਖਦੇ ਹਨ ਕਿ 'ਮਾਲਵੇਂਦ੍ਰ' ਏਦੂੰ ਤੀਜੇ ਸਾਲ ਸੰਨ ੧੯੫੩ ਵਿਚ-ਸ਼ੁਰੂ ਕੀਤਾ ਸੀ। (ਦੇਖੋ, ਕੂਕਿਆਂ ਬਾਰੇ, ਸਫ਼ਾ ੧੭੭)

ਪਰ ਮੈਂ ਸਮਝਦਾ ਹਾਂ, 'ਮਾਲਵੇਂਦ੍ਰ' ਦੀ ਰਚਨਾ ਬਾਰੇ ਇਹ ਦੋਵੇਂ ਹੀ ਕਥਨ ਠੀਕ ਨਹੀਂ ਹਨ ਕਿਉਂਕਿ ਸੰਨ ੧੯੫੪ ਵਿਚ ਜਦ ਮੇਰੀ ਪੁਸਤਕ 'ਪੰਜਾਬ ਦੀਆਂ ਲਹਿਰਾਂ' ਛਪੀ, ਜਿਸ ਬਾਰੇ ਕਿ ਚਕਵਰਤੀ ਜੀ ਨੇ ਇਸ ਮਹਾਕਾਵਿ ਦੇ 'ਸਮਰਪਣ' ਵਿਚ ਹੀ ਇਸ਼ਾਰੇ ਮਾਤਰ ਲਿਖਿਆ ਵੀ ਹੈ—"ਉਨ੍ਹਾਂ.....ਦੇਸ਼ ਪੁਜਾਰੀਆਂ ਨੂੰ ਜਿਨ੍ਹਾਂ ਦੀ ਬੇਗ਼ਰਜ਼ ਕੁਰਬਾਨੀ ਮਜ਼ਹਬੀ ਭੂਤਨਾ, ਕਲਮੀ 'ਵਿਥਿਆ' (ਅਰਥਾਤ-ਕੂਕਿਆਂ ਦੀ ਵਿਥਿਆ) ਦੀਆਂ 'ਲਹਿਰਾਂ' (ਅਰਥਾਤ-ਪੰਜਾਬ ਦੀਆਂ ਲਹਿਰਾਂ) ਵਿਚ ਰੋੜ੍ਹਨਾ ਚਾਹੁੰਦਾ ਹੈ।" ਤੇ ਇਸ ਦੀ ਭੂਮਿਕਾ (ਕੂਕਿਆਂ ਬਾਰੇ) ਵਿਚ ਉਨ੍ਹਾਂ ਨੇ ਇਸ ਪੁਸਤਕ ਵਿਚੋਂ ਆਪਣੇ ਪੱਖ ਦੀ ਪ੍ਰੋੜ੍ਹਤਾ ਲਈ ਕਿਤਨੇ ਹੀ ਉਦਾਹਰਣ ਵੀ ਲਏ ਹਨ, ਤਾਂ ਚਕਰਵਰਤੀ ਜੀ ਅਜੇ ਇਸ ਮਹਾਕਾਵਿ ਦੇ ਲਿਖਣ ਦੀਆਂ ਸਲਾਹਾਂ ਹੀ ਕਰ ਰਹੇ ਸਨ। ਪਹਿਲਾਂ ਉਹ ਗੁਰ ਨਾਨਕ, ਫੇਰ ਗੁਰੂ ਤੇਗ ਬਹਾਦੁਰ ਤੇ ਪਿਛੋਂ ਗੁਰੂ ਗੋਬਿੰਦ ਸਿੰਘ ਬਾਰੇ 'ਮਹਾਕਾਵਿ' ਲਿਖਣ ਦਾ



Digitized by Panjab Digital Library | www.panjabdigilib.org

ਇਰਾਦਾ ਰਖਦੇ ਸਨ, ਪਰ ਆਖ਼ਰ ਫ਼ੈਸਲਾ ਬਾਬਾ ਰਾਮ ਸਿੰਘ ਜੀ ਦੇ ਹੱਕ ਵਿਚ ਹੋਇਆ। ਮੈਂ ਚੂੰਕਿ ਇਸ ਦੀ ਭੂਮਿਕਾ ਲਿਖਣ ਦਾ ਵਾਦਾ ਕੀਤਾ ਸੀ ਅਤੇ ਆਪਣੇ ਕੋਲੋਂ ਬਣੇ ਬਣਾਏ ਬਲਾਕ ਵੀ ਬਿਨਾ ਕਿਸੇ ਮੁਆਵਜ਼ੇ ਦੇ ਚਕਰਵਰਤੀ ਜੀ ਨੂੰ ਸਹਾਇਤਾ ਵਜੋਂ ਦਿਤੇ ਸਨ, ਜੋ ਕਿ ਇਸ ਮਹਾਕਾਵਿ ਵਿਚ ਛਪੇ ਹਨ (ਦੇਖੋ, ਸਫ਼ੇ ੨੧, ੨੩), ਇਸ ਲਈ ਜਦ ਉਹ ਪਹਿਲਾ ਸਰਗ 'ਪੰਜਾਬ' ਲਿਖ ਕੇ ਲਿਆਏ ਤਾਂ ਉਸ ਵਿਚ ਭਾਈ ਸਾਹਿਬ ਵੀਰ ਸਿੰਘ, ਪ੍ਰਿੰਸੀਪਲ ਜੋਧ ਸਿੰਘ ਅਤੇ ਡਾਕਟਰ ਗੰਡਾ ਸਿੰਘ ਜੀ ਦੀ ਨਿੰਦਾ ਖੁਲ੍ਹੀ-ਡੁਲ੍ਹੀ ਕਵਿਤਾ ਦੇ ਰੂਪ ਵਿਚ ਗੁੰਦੀ ਦੇਖ ਕੇ ਮੈਂ ਭੂਮਿਕਾ ਲਿਖਣ ਤੋਂ ਇਨਕਾਰ ਕਰ ਦਿਤਾ ਜਿਸ ਕਰਕੇ ਉਹ ਸਰਗ ਉਸੇ ਵੇਲੇ ਪਾੜ ਦਿਤਾ ਗਿਆ। ਫੇਰ ਚਕਰਵਰਤੀ ਜੀ ਜੋ ਸਰਗ ਲਿਖਦੇ ਰਹੇ ਉਹ ਮੈਨੂੰ ਦੂਜੇ-ਤੀਜੇ ਦਿਨ ਵਿਖਾਉਂਦੇ ਰਹੇ ਤੇ ਇਸਤਰਾਂ ਮੁਢਲੇ ਦਸ ਕੁ ਸਰਗ ਉਨ੍ਹਾਂ ਨੇ ਮੈਨੂੰ ਵਿਖਾਏ ਸਨ। ਪਿਛੋਂ ਪਤਾ ਨਹੀਂ ਕਿਉਂ ਮੇਰੇ ਸ਼ੰਕਿਆਂ ਦਾ ਪੂਰਬ-ਅਨੁਭਵ ਕਰ ਕੇ ਉਨ੍ਹਾਂ ਨੇ ਬਾਕੀ ਸਰਗ ਮੈਨੂੰ ਬਿਨਾ ਵਿਖਾਏ ਹੀ ਛਾਪ ਲਏ ਤੇ "ਕੂਕਿਆਂ ਬਾਰੇ" ਨਾਂ ਦੀ ਲੰਮੀ ਸਾਰੀ ਭੂਮਿਕਾ, ਜਿਸ ਵਿਚ ਹੋਰ ਸਨੇਹੀਆਂ ਦੇ ਨਾਲ ਹੀ ਮੈਨੂੰ ਵੀ ਬਹਿਸ ਦਾ ਪਾਤ੍ਰ ਬਣਾ ਲਿਆ ਗਿਆ ਹੈ, ਕਦੋਂ ਲਿਖੀ ਗਈ, ਇਸ ਬਾਰੇ ਮੈਨੂੰ ਕੁਝ ਪਤਾ ਨਹੀਂ। ਮੈਂ ਚੂੰਕਿ ਇਸ 'ਮਹਾਕਾਵਿ' ਦੇ ਪਿਛੋਕੜ ਤੋਂ ਪੂਰੀ ਤਰਾਂ ਵਾਕਿਫ਼ ਹਾਂ, ਇਸ ਲਈ ਇਸ ਦੀ ਭੂਮਿਕਾ ਦੇ ਸੁਪਨ-ਦਰਸ਼ਨ ਜਾਂ ਉਸਦੇ ਅਨੁਸਾਰ ਇਸ ਪੁਸਤਕ ਦੇ ਪ੍ਰਾਰੰਭ ਕਾਲ ਨੂੰ ਕਿਸੇ ਵੀ ਪਹਿਲੂ ਤੋਂ ਸਹੀ ਨਹੀਂ ਮੰਨ ਸਕਦਾ। ਇਹ ਕੋਰਾ ਝੂਠ ਹੈ।

੩.

ਇਸ ਕਾਵਿਕ ਜੀਵਨੀ ਲਈ ਮੇਰੀ ਜਾਚੇ ਬਾਬਾ ਰਾਮ ਸਿੰਘ ਜੀ ਦਾ ਵਿਸ਼ੇਸ਼ ਨਾਮ 'ਮਾਲਵੇਂਦ੍ਰ' ਬਿਲਕੁਲ ਅਣਫਬਦਾ ਤੇ ਅਣਢੁਕਵਾਂ ਹੈ ਕਿਉਂਕਿ 'ਮਾਲਵਾ' ਅਸਲ ਵਿਚ ਸਤਲੁਜੋਂ ਉਰਾਰ ਜੰਗਲ ਦੇ ਉਸ ਇਲਾਕੇ ਦਾ ਨਾਂ ਹੈ ਜਿਸ ਵਿਚ ਤਿਹਾੜਾ, ਮੋਗਾ, ਭਦੌੜ, ਬਰਨਾਲਾ, ਫੀਰੋਜ਼ਪੁਰ, ਫ਼ਰੀਦਕੋਟ, ਬਠਿੰਡਾ, ਮਾਨਸਾ ਆਦਿ ਇਲਾਕੇ ਸ਼ਾਮਲ ਹਨ। ਬਾਕੀ ਇਲਾਕਾ ਪੁਆਧ (ਲੁਧਿਆਣਾ, ਖੰਨਾ, ਰੋਪੜ ਆਦਿ), ਮੈਣ ਦੁਆਬ (ਅੰਬਾਲਾ, ਨਰਾਇਣ ਗੜ੍ਹ, ਜਗਾਧਰੀ ਆਦਿ) ਤੇ ਬਾਂਗਰ (ਨਰਵਾਣਾ, ਕੈਥਲ, ਥਨੇਸਰ ਆਦਿ) ਕਿਸੇਤਰਾਂ ਮਾਲਵੇ ਵਿਚ ਨਹੀਂ ਗਿਣੇ ਜਾ ਸਕਦੇ। ਇਸ ਲਈ ਬਾਬਾ ਰਾਮ ਸਿੰਘ ਜੀ ਜੋ ਪਿੰਡ ਭੈਣੀ ਅਰਾਈਆ (ਇਲਾਕਾ ਪੁਆਧ) ਦੇ ਵਸਨੀਕ ਸਨ, 'ਮਾਲਵੇਂਦ੍ਰ' ਕਿਵੇਂ ਬਣ ਗਏ। ਹਾਂ ਜੇ ਉਹ ਨਾਭੇ ਦੇ ਇਲਾਕੇ ਦੇ ਵਸਨੀਕ ਹੁੰਦੇ ਤਾਂ 'ਮਾਲਵੇਦ੍ਰ' ਅਖਵਾ ਸਕਦੇ ਸਨ ਕਿਉਂਕਿ ਮਾਲਵੇ ਦਾ ਰਾਜਾ ਹੋਣ ਕਰ ਕੇ ਮਹਾਰਾਜਾ ਨਾਭਾ ਦੀ ਪਦਵੀ



Digitized by Panjab Digital Library | www.panjabdigilib.org

ਮਾਲਵੇਂਦ੍ਰ ਬਹਾਦੁਰ' ਸੀ। ਮੇਰੀ ਜਾਚੇ ਜੇ ਇਸ 'ਮਹਾਕਾਵਿ' ਦਾ ਨਾ 'ਮਾਲਵੇਂਦ੍ਰ' ਦੀ ਥਾਵੇਂ 'ਪੁਆਧੇਂਦ੍ਰ' ਹੁੰਦਾ ਤਾਂ ਵਧੇਰੇ ਯਥਾਰਥ ਸੀ।

ਇਸ ਤੋਂ ਇਲਾਵਾ ਜੇ ਇਹ ਕਿਹਾ ਜਾਵੇ ਕਿ ਬਾਬਾ ਰਾਮ ਸਿੰਘ ਜੀ ਦਾ ਪਰਚਾਰ ਖੇਤਰ ਮਾਲਵਾ ਹੀ ਸੀ ਤਦ ਬਾਬਾ ਜੀ ਤਾਂ ਪਰਚਾਰ ਵਾਸਤੇ ਆਨੰਦਪੁਰ ਅਤੇ ਅੰਮ੍ਰਿਤਸਰ ਵੀ ਗਏ ਸਨ। ਦੁਆਬਾ, ਮਾਝਾ, ਬਾਰ, ਝੰਗ, ਧੰਨੀ, ਪੋਠੋਹਾਰ ਅਤੇ ਸੂਬਾ ਸਰਹੱਦ ਵਿਚ ਵੀ ਉਨ੍ਹਾਂ ਦੀ ਕੁਝ ਕੁ ਸਿਖੀ ਸੇਵਕੀ ਸੀ ਅਤੇ ਬਰਮਾ ਵਿਚ ਤਾਂ ਉਨ੍ਹਾਂ ਦੇ ਅੰਤਲੇ ਸਾਰੇ ਹੀ ਸਾਲ ਲੰਘੇ ਸਨ ਫਿਰ ਉਨ੍ਹਾਂ ਨੂੰ 'ਪੰਜਾਬੇਂਦ੍ਰ' ਭਾਰਤੇਂਦ੍ਰ, ਜਾਂ 'ਬਰਮੇਂਦ੍ਰ' ਕਿਉਂ ਨਾ ਕਿਹਾ ਜਾਵੇ? ਪਰ ਇਸ ਸੰਕੁਚਿਤ ਜਿਹੀ ਇਲਾਕੇ ਬੰਦੀ ਵਿਚ ਮੇਰੀ ਜਾਚੇ ਬਾਬਾ ਰਾਮ ਸਿੰਘ ਜੀ ਜਿਹੇ ਮਹਾਨ ਵਿਅਕਤੀ ਨੂੰ ਲਿਆ ਖਲ੍ਹਾਰਨਾ, ਉਨ੍ਹਾਂ ਨਾਲ ਕੋਰਾ ਅਨਿਆਂ ਕਰਨਾ ਹੈ, ਇਸ ਲਈ ਇੰਦਰ ਸਿੰਘ ਚਕਰਵਰਤੀ ਨੇ 'ਮਾਲਵੇਂਦ੍ਰ' ਨਾਂ ਹੇਠ ਬਾਬਾ ਜੀ ਦੀ ਪਦਵੀ ਘਟਾਈ ਹੈ, ਵਧਾਈ ਨਹੀਂ।

੪.

ਕਿਸੇ ਵੀ ਕਾਵਿ-ਰਚਨਾ ਦੀ ਆਲੋਚਨਾ ਵਿਚ ਆਲੋਚਕ ਦੀ ਨਿਗਾਹ ਸਭ ਤੋਂ ਪਹਿਲਾਂ ਉਸ ਦੇ ਚਰਿਤ੍ਰ ਚਿਤ੍ਰਣ ਵਲ ਜਾਂਦੀ ਹੈ। ਭਾਰਤੀ ਸਾਹਿਤੱਕ ਵਿਚਾਰਧਾਰਾ ਦੇ ਅਨੁਸਾਰ ਹਰੇਕ ਕਾਵਿ, ਮਾਹਾਂਕਾਵਿ ਜਾਂ ਨਾਟਕ ਵਿਚ ਉਸ ਦਾ ਪਰਧਾਨ ਨਾਇਕ (ਹੀਰੋ) ਕੋਈ ਦੇਵਤਾ, ਅਵਤਾਰ ਜਾਂ ਰਾਜਾ, ਮਹਾਰਾਜਾ ਹੁੰਦਾ ਹੈ। ਮੁਕਾਬਲੇ ਲਈ ਇਕ ਜਾਂ ਇਕ ਤੋਂ ਵਧੀਕ ਉਸਦੇ ਵਿਰੋਧੀ ਜਾਂ ਪ੍ਰਤੀਨਾਇਕ ਵੀ ਹੁੰਦੇ ਹਨ। ਉਸ ਵਿਚ ਕਵੀ ਦਾ ਕੰਮ ਹੁੰਦਾ ਹੈ ਆਪਣੇ ਪ੍ਰਧਾਨ ਨਾਇਕ ਦੇ ਚਰਿਤ੍ਰ ਨੂੰ ਚਾਹੇ ਉਸ ਵਿਚ ਕੋਈ ਨੁਕਸ ਵੀ ਹੋਵੇ, ਬਹੁਤ ਕੁਝ ਉਚਾ ਕਰ ਕੇ ਦਸਣਾ। ਪੱਛਮ ਵਿਚ ਭਾਰਤ ਵਾਂਗ ਭਾਵੇਂ ਇਹ ਗਲ ਜ਼ਰੂਰੀ ਨਹੀਂ ਕਿ ਕਾਵਿ ਦਾ ਨਾਇਕ ਕੋਈ ਬਾਦਸ਼ਾਹ ਹੀ ਹੋਵੇ, ਕੋਈ ਜੋਧਾ ਜਾਂ ਹੋਰ ਆਦਰਸ਼ਵਾਦੀ ਵਿਅਕਤੀ ਵੀ ਹੋ ਸਕਦਾ ਹੈ ਚਾਹੇ ਉਹ ਜਾਤੀ ਦਾ ਨੀਵਾਂ ਹੀ ਕਿਉਂ ਨਾ ਹੋਵੇ, ਇਸ ਲਈ ਉਸ ਦਾ ਚਰਿਤ੍ਰ ਚਿਤ੍ਰਣ ਸਮੇਂ ਕਵੀ ਵਲੋਂ ਕਿਸੇ ਕਾਵਿ ਬਰੁਸ਼ ਦੀ ਛੁਹ ਦੀ ਕਮੀ ਨਹੀਂ ਰਹਿਣ ਦਿੱਤੀ ਜਾਂਦੀ ਅਤੇ ਉਸ ਨੂੰ ਹਰ ਤਰਾਂ ਬਾਰਾਂ ਵੰਨੀ ਦੇ ਕੁੰਦਨ ਵਾਂਗ ਨਿਖਾਰ ਕੇ ਦਿਖਾਇਆ ਜਾਂਦਾ ਹੈ। ਸ੍ਰੀ ਚਕਰੁਵਰਤੀ ਦਾ ਇਹ ਮਹਾਕਾਵਿ ਨਾ ਤਾਂ ਪੂਰਬੀ ਸਿਧਾਂਤਾਂ ਦੇ ਅਨੁਸਾਰ ਹੀ ਪੂਰਾ ਉਤਰਦਾ ਹੈ ਅਤੇ ਨਾ ਹੀਂ ਪੱਛਮੀ ਸਿਧਾਂਤਾਂ ਦੇ ਅਨੁਸਾਰ। ਪੂਰਬ ਤੇ ਪੱਛਮ ਦੀ ਕਾਵਿਕ ਵਿਚਾਰਧਾਰਾਂ ਤੋਂ ਅਨਜਾਣ ਹੋਣ ਕਰਕੇ ਆਪ ਨੇ ਆਪਣੇ ਪ੍ਰਧਾਨ ਨਾਇਕ ਬਾਬਾ ਰਾਮ ਸਿੰਘ ਦਾ ਕੋਈ ਸ਼ਾਹਾਨਾ ਕਰਤੱਬ ਜਾਂ ਵੀਰ ਚਰਿਤ੍ਰ, ਜਿਸ ਤੋਂ ਉਸਦੇ ਬੁਲੰਦ ਹੌਸਲੇ ਦਾ ਪਤਾ



Digitized by Panjab Digital Library | www.panjabdigilib.org

ਲੱਗ ਸਕੇ, ਇਸ ਮਹਾਕਾਵਿ ਵਿਚ ਨਹੀਂ ਦਿਖਾਇਆ ਅਤੇ ਬਾਬਾ ਜੀ ਨੂੰ ਸਾਧਾਰਣ ਜਿਹੇ ਉਨ੍ਹਾਂ ਸਿਪਾਹੀਆਂ ਵਿਚ ਸ਼ੁਮਾਰ ਕੀਤਾ ਹੈ ਜੋ ਰਣ-ਤੱਤੇ ਵਿਰ ਪਿੱਠ ਦਿਖਾ ਕੇ ਮੈਦਾਨ ਛੱਡ ਜਾਂਦੇ ਹਨ ਜਿਵੇਂ ਕਿ ਸਤਲੁਜ ਦੀ ਲੜਾਈ (੧੮੪੫-੪੬) ਦੇ-ਨਿਮਨ ਲਿਖਤ ਉਦਾਹਰਣ ਹਨ:-

(੧) ਰਫਲ ਸੁਟੀ ਦਰਿਆ ਵਿਚ, ਬੈਠੇ ਹੋ ਅਟੰਕ
ਕਿਹਾ ਇਹ ਵੀ ਸੀ ਪਿਆ, ਸਾਡੇ ਗਲ ਕਲੰਕ

(ਮਾਲਵੇਂਦ੍ਰ ਸਫ਼ਾ ੩੯)।

(੨) ਅਸੀਂ ਤੇ ਹੁਣ ਹਾਂ ਚਲਦੇ, ਸਤਿ ਸ੍ਰੀ ਅਕਾਲ
ਆਵੇ ਕਿਸੇ ਜੇ ਚਲਣਾ ਰਲ ਕੇ ਸਾਡੇ ਨਾਲ

('ਮਾਲਵੇਂਦ੍ਰ' ਸਫ਼ਾ ੪੧)

(੩) ਛੌਣੀ ਵਿਚੋਂ ਆ ਗਏ, ਕੰਢੇ ਤੇ ਦਰਿਆਉ
ਕਿਹਾ ਮਲਾਹਾਂ ਚਾੜ੍ਹਕੇ, ਬੇੜੀ ਪਾਰ ਲੰਘਾਉ
ਪਰ ਮਲਾਹਾਂ ਨਾ ਛਡੀ ਬੇੜੀ ਲਾਇਆ ਜੋਰ
ਠਿਲ ਪਏ ਦਰਿਆ ਵਿਚ ਡਲਿਆਂ ਨੂੰ ਲਾ ਠੋਰ
ਸਿਧੇ ਤਰਕੇ ਸ਼ੇਰ ਜਿਉਂ ਆ ਗਏ ਉਰਲੇ ਪਾਰ
ਲੁਧਿਹਾਣੇ ਆ ਵੜੇ ਮਾਮੇ ਘਰ ਵਿਚਕਾਰ
ਅਗੋਂ ਨੰਦੂ ਬੋਲਿਆ ਝੱਲਾ ਆਇਆ ਉਹ
ਲੱਭਣ ਲਈ ਫਲੌਰ ਜਿਸ ਜਾਂਦੇ ਹੁੰਦੇ ਸੋਹ

('ਮਾਲਵੇਂਦ੍ਰ' ਸਫ਼ਾ ੪੨)

ਇਨ੍ਹਾਂ ਉਦਾਹਰਣਾਂ ਵਿਚ ਬਾਬਾ ਰਾਮ ਸਿੰਘ ਜੀ ਦਾ ਹਥਿਆਰ ਸੁਟ ਕੇ ਸਤਲੁਜ ਦੇ ਮੈਦਾਨਿ-ਜੰਗ ਵਿਚੋਂ ਭਗੌੜੇ ਹੋਣ ਸਮੇਂ ਨਾ ਕੇਵਲ ਆਪ ਹੀ ਸਗੋਂ ਨਾਲ ਦੇ ਸਾਥੀਆਂ ਨੂੰ ਵੀ ਹਥਿਆਰ ਛੱਡ ਕੇ ਭਗੌੜੇ ਹੋਣ ਦੀ ਪਰੇਰਣਾ ਕਰਨਾ ਮਲਾਹਾਂ ਨੂੰ ਬੇੜੀ ਚਾੜ੍ਹ ਕੇ ਪਾਰ ਲੰਘਾਉਣ ਲਈ ਕਹਿਣਾ, ਪਰ ਅਗੋਂ ਉਨ੍ਹਾਂ ਦੇਸ਼-ਭਗਤਾਂ ਦੇ ਅਸੂਲ ਪ੍ਰਸਤਾਂ ਨੇ ਬੇੜੀ ਛੱਡਣੋਂ ਇਨਕਾਰ ਕਰਨਾ, ਅਤੇ ਫੇਰ ਬਾਬਾ ਜੀ ਦਾ ਸ਼ੇਰ ਵਾਂਗ ਦਰਿਆਉਂ ਤਰ ਕੇ ਲੁਧਿਹਾਣੇ ਮਾਮੇ ਦੇ ਘਰ ਪਹੁੰਚਣਾ (ਏਥੇ ਸ਼ੇਰ ਵਾਂਗ ਦਰਿਆ ਤਰ ਲੰਘਣ ਦੀ ਉਪਮਾ ਵੀ ਕੇਹੀ ਅਣਢੁੱਕਵੀਂ ਦਿਤੀ ਹੈ) ਅਤੇ ਅਗੋਂ ਨੰਦੂ ਦਾ ਬਾਬਾ ਜੀ ਨੂੰ ਝੱਲਾ ਆਖ ਕੇ ਨਿੰਦਣਾ ਆਦਿ ਗੱਲਾਂ ਦਸਦੀਆਂ ਹਨ ਕਿ ਇਸ ਵਿਚ ਕਵੀ ਨੇ ਬਾਬਾ ਜੀ ਦੇ ਚਰਿਤ੍ਰ ਨੂੰ ਉਚਿਆ ਕੇ ਨਹੀਂ ਸਗੋਂ ਨਿਵਿਆ ਕੇ ਬਿਆਨ ਕੀਤਾ ਹੈ। ਇਸ



Digitized by Panjab Digital Library | www.panjabdigilib.org

ਵਿਚ ਬਾਬਾ ਜੀ ਦੀ ਸ਼ਖਸੀਅਤ ਨੂੰ ਪਾਠਕਾਂ ਅੱਗੇ ਹਾਸੋ ਹੀਣੀ ਦਸ ਕੇ ਨਾਕਸ ਬਣਾ ਦਿੱਤਾ ਹੈ। ਭਲਾ ਉਹ ਵਿਅਕਤੀ ਜਿਸ ਨੇ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣ ਦਾ ਪ੍ਰਣ ਕੀਤਾ ਹੋਵੇ, ਮੈਦਾਨਿ ਜੰਗ ਵਿਚ ਪਿੱਠ ਦਿਖਾ ਕੇ ਅਤੇ ਹਥਿਆਰ ਸੁੱਟ ਕੇ ਕਿਵੇਂ ਦੌੜ ਸਕਦਾ ਹੈ, ਕਦਾਚਿਤ ਨਹੀਂ। ਕਵੀ ਨੂੰ ਇਹ ਫਿਕਰੇ ਲਿਖਣ ਲੱਗਿਆਂ ਸ਼ਾਇਦ ਫੌਜੀ ਕਾਨੂੰਨ ਚੇਤੇ ਨਹੀਂ ਰਿਹਾ ਕਿ ਕਿਸੇ ਸਿਪਾਹੀ ਦੇ ਹਥਿਆਰ ਸੁੱਟ ਕੇ ਦੁਸ਼ਮਨ ਦੇ ਇਲਾਕੇ ਵੱਲ ਨੱਸਣ ਦੀ ਕੀ ਸਜ਼ਾ ਹੁੰਦੀ ਹੈ। ਜੇ ਉਹ ਦੂਜੇ ਸਿਖ-ਯੁੱਧ ਦੇ ਪ੍ਰਸਿੱਧ ਨਿਰਮਲੇ ਸੰਤ-ਸਿਪਾਹੀ ਭਾਈ ਮਹਾਰਾਜ ਸਿੰਘ*ਦਾ ਜੀਵਨ ਹੀ ਪੜ੍ਹ ਲੈਂਦੇ, ਜਿਸ ਨੇ ਕਿ ਉਸ ਸਮੇਂ ਅੰਗਰੇਜ਼ੀ ਸਿਪਾਹ ਨੂੰ ਬੜੇ ਕਰਾਰੇ ਹਥ ਦਿਖਾਏ ਸਨ, ਤਾਂ ਸ਼ਾਇਦ ਇਹ ਗਲਤੀ ਇਸ ਮਹਾਕਾਵਿ ਵਿਚ ਨਾਂ ਹੁੰਦੀ।

ਇਸ ਤੋਂ ਬਿਨਾ ਚਰਿਤ੍ਰ-ਚਿਤ੍ਰਣ ਦਾ ਦੂਜਾ ਨੁਕਸ ਹੈ ਬਾਬਾ ਰਾਮ ਸਿੰਘ ਦਾ ਪਿੰਡ ਭੈਣੀ ਪਹੁੰਚ ਕੇ ਆਪਣੇ ਸਿਰ ਦੇ ਕੇਸ ਸਾੜਨ ਦਾ। ਕਵੀ ਨੇ ਇਸ ਘਟਨਾ ਵਿਚ ਬਾਬਾ ਬੁੱਧ ਸਿੰਘ ਨੂੰ, ਜੋ ਬਾਬਾ ਰਾਮ ਸਿੰਘ ਦੇ ਛੋਟੇ ਭਾਈ ਸਨ, ਮਿਸਾਲ ਫੜਾਈ ਹੈ ਅਤੇ ਇਸ ਘਟਨਾ ਨੂੰ ਇਸਤਰਾਂ ਚਿਤ੍ਰਿਆ ਹੈ:-

ਮਹਾਰਾਜ ਬੁੱਧ ਸਿੰਘ ਦੇ ਹੱਥ ਮਸਾਲ ਫੜਾ
ਕਹਿੰਦੇ ਲਾਓ ਅਸਾਂ ਨੂੰ, ਲਹਿਣਾ ਸਿੰਘ ਬੁਝਾ
ਲਹਿਣਾ ਸਿੰਘ ਜੀ ਆਖਿਆ, ਇਉਂ ਨਾ ਸਾੜੋ ਕੇਸ
ਆਂਹਦੇ ਅਸੀਂ ਨ ਰੱਖਣੀ, ਸਿੱਖੀ ਇਹ ਮਲੇਛ
ਛੋਟੇ ਛੋਟੇ ਰਹਿ ਗਏ ਬਾਵਰੀਆਂ ਜਿਉਂ ਵਾਲ

('ਮਾਲਵੇਂਦ੍ਰ, ਸਫ਼ਾ ੪੭)

ਬਾਬਾ ਜੀ ਨੇ ਇਸਤਰਾਂ ਆਪਣੇ ਕੇਸ ਕਿਉਂ ਸੜਵਾਏ ? ਕੀ ਸਰਕਾਰ ਲਾਹੌਰ ਦਾ ਇਕ ਸਿੱਖ ਸਿਪਾਹੀ ਹੋਣ ਕਰਕੇ ਸਰਕਾਰ ਅੰਗਰੇਜ਼ੀ ਦੇ ਕ੍ਰੋਧ ਤੋਂ ਬਚਣ ਲਈ ਜਾਂ ਇਸ ਵਿਚ ਕੋਈ ਹੋਰ ਗੂੜ੍ਹ ਰਹੱਸ ਸੀ ਕਿਉਂਕਿ ਸਿੱਖ-ਰਹਿਤ ਨ੍ਹਾਮਿਆਂ ਦੇ ਅਨੁਸਾਰ ਕੇਸ਼ ਸਾੜਨਾ ਗੁਰਮਤਿ ਨੁਕਤਾ ਨਿਗਾਹ ਤੋਂ ਬਜ੍ਰ ਪਾਪ ਤੇ ਕੁਰਹਿਤ ਮੰਨਿਆਂ ਜਾਂਦਾ ਹੈ। ਮੈਂ ਸਮਝਦਾ ਹਾਂ, ਇਹ ਘਟਨਾ ਵੀ ਪਹਿਲੀ ਵਾਂਗੂ ਬਾਬਾ ਰਾਮ ਸਿੰਘ ਜੀ ਦੀ ਗਿਰਾਵਟ ਹੀ ਦਸਦੀ ਹੈ।

ਵੀਰਤਾ ਦੀ ਇਸ ਗਿਰਾਵਟ ਦੇ ਨਾਲ ਹੀ ਇਕ ਥਾਵੇਂ ਬਾਬਾ ਜੀ ਵਲੋਂ ਸ੍ਰੀ ਗੁਰੂ ਗ੍ਰੰਥ

---

*ਦੇਖੋ, ਪੰਜਾਬ ਗਵਰਨਮੈਂਟ ਰੀਕਾਰਡਜ਼ ਸੰਨ ੧੮੪੯-੫੦ ਅਤੇ ਮੇਰੀ ਪੁਸਤਕ 'ਸਿਖ ਰਾਜ ਦਾ ਅੰਤ, ਸੰਨ ੧੯੫੧, ਸਫ਼ੇ ੧੨੦-੪੦।



Digitized by Panjab Digital Library | www.panjabdigilib.org

ਸਾਹਿਬ ਜੀ ਦੀ ਹਤਕ ਵੀ 'ਚਕ੍ਰਵਰਤੀ' ਜੀ ਨੇ ਦਰਸਾਈ ਹੈ, ਜੋ ਅਫ਼ਸੋਸ ਦੀ ਗੱਲ ਹੈ:–

ਲੈਕੇ ਬੀੜ ਦਰਬਾਰ ਦੀ ਉਪਰ ਬਾਲਣ ਪਾਇ
ਸਫਾਂ ਫੂਹੜੀਆਂ ਵਿਚ ਧਰ, ਤੀਲੀ ਦਿਤੀ ਲਾਇ

(ਸਫ਼ਾ ੨੭)।

ਪਰ ਹੈ ਇਹ ਸਾਰੀ ਬਣਾਉਟ ਹੀ, ਕਿਉਂਕਿ ਬਾਬਾ ਰਾਮ ਸਿੰਘ ਜੀ, ਜਿਵੇਂ ਕਿ ਮੇਰਾ ਨਿਸ਼ਚਾ ਹੈ, ਅਜਿਹੇ ਸ਼੍ਰਧਾਹੀਨ ਜਾਂ ਗੁਰੂ ਘਰ ਦੇ ਦੋਖੀ ਹਰਗਿਜ਼ ਨਹੀਂ ਸਨ।

੫.

ਬਾਬਾ ਰਾਮ ਸਿੰਘ ਜੀ, ਜਿਵੇਂ 'ਮਾਲਵੇਂਦ੍ਰ' ਦੇ ਕਥਨ ਅਨੁਸਾਰ ਉਨ੍ਹਾਂ ਦਾ ਭਾਈ ਰਾਇ ਸਿੰਘ ਮਦੀਹਰ (ਫ਼ੀਰੋਜ਼ਪੁਰ) ਵਾਲੇ ਨੂੰ ਉਪਦੇਸ਼ ਹੈ, ਅਸਲ ਵਿਚ ਸਿੱਖ-ਰਹੁਰੀਤਾਂ ਦੇ ਸੁਧਾਰਕ ਸਨ:-

ਰਹਿਤ ਬਹਿਤ ਦਸਮੇਸ਼ ਗੁਰ, ਜੋ ਕੀਤੀ ਸੀ ਤਿਆਰ
ਰਹਿ ਗਈ ਯਾਦ ਨ ਕਿਸੇ ਨੂੰ, ਦਿਤੀ ਦਿਨੋਂ ਵਿਸਾਰ
ਜਾਵੋ ਅਬਚਲ ਨਗਰ ਵਿਚ, ਦਖਨ ਦੇਸ ਅਪਾਰ
ਵਿਚ ਨਦੇੜ ਹਜ਼ੂਰ ਦਾ ਸਚ ਖੰਡੀ ਦਰਬਾਰ
ਕੁਝ ਦਿਨ ਰਹਿ ਕੇ ਓਸ ਥਾਂ, ਕਥਾ ਕਰੋ ਗੁਰ ਗੰਥ
ਲਿਖ ਲੈ ਆਵੋ ਰਹਿਤ ਸਭ, ਪਰਚੁਰ ਕਰੀਏ ਪੰਥ

(ਦੇਖੋ, ਮਾਲਵੇਂਦ੍ਰ, ਸਫ਼ਾ ੧੦੫)

ਇਸ ਤੋਂ ਪਿਛੋਂ ਉਨ੍ਹਾਂ ਦਾ ਦੂਜਾ ਕੰਮ ਸੀ ਦੇਸ਼ ਨੂੰ ਅੰਗਰੇਜ਼ੀ ਹਕੂਮਤ ਦੇ ਪੰਜੇ 'ਚੋਂ ਆਜ਼ਾਦ ਕਰਾਉਣਾ। ਜਿਥੋਂ ਤਕ ਵਿਚਾਰ ਦਾ ਸੰਬੰਧ ਹੈ, ਉਨ੍ਹਾਂ ਦੇ ਇਸ ਉਦੇਸ਼ ਨਾਲ ਲਗ ਭਗ ਸਾਰੇ ਹੀ ਸਹਿਮਤ ਹਨ, ਅਤੇ ਮੈਂ ਵੀ ਆਪਣੀ ਪੁਸਤਕ **'ਪੰਜਾਬ ਦੀਆਂ ਲਹਿਰਾਂ'** ਵਿਚ ਉਨ੍ਹਾਂ ਦੇ ਇਸ ਆਦਰਸ਼ ਉਤੇ ਚਾਨਣ ਪਾਉਣ ਦਾ ਜਤਨ ਕੀਤਾ ਹੈ। (ਦੇਖੋ, ਸਫ਼ੇ ੧੨੦, ੧੨੪-੧੨੬, ੧੨੭–੧੩੪), ਪਰ ਸੰਤ ਇੰਦ੍ਰ ਸਿੰਘ 'ਚਕ੍ਰਵਰਤੀ' ਨੇ ਇਹ ਦੋਵੇਂ ਆਦਰਸ਼ ਅੱਖੋਂ ਉਹਲੇ ਕਰ ਕੇ ਕਿਸੇ ਇੱਕ ਫ਼ਿਰਕੇਦਾਰੀ ਦੇ ਪ੍ਰਭਾਵ ਹੇਠ ਬਹੁਤਾ ਜ਼ੋਰ ਗਊ-ਹੱਤਿਆ ਨੂੰ ਰੋਕਣ ਉਤੇ ਹੀ ਲਾਇਆ ਹੈ ਜੋ ਇਸ ਮਹਾਕਾਵਿ ਦੇ ਮਹਾਨ ਵਿਸ਼ੇ ਨਾਲ ਏਨਾ ਸੰਬੰਧ ਨਹੀਂ ਰਖਦਾ।

ਜੇ ਅਸਲ ਵਿਚ ਖੋਜ ਦੇ ਨੁਕਤਾ ਨਿਗਾਹ ਤੋਂ ਦੇਖਿਆ ਜਾਵੇ ਤਾਂ ਗਊ ਰੱਖਿਆ ਦਾ ਦੇਸ਼-ਭਗਤੀ ਨਾਲ ਏਨਾ ਬਹੁਤਾ ਸੰਬੰਧ ਨਹੀਂ ਕਿਉਂਕਿ ਇਸ ਵਿਚ ਧਾਰਮਿਕ ਨੁਕਤੇ ਤੋਂ ਬਹੁਤਾ ਕਿਸੇ ਇਕ ਫ਼ਿਰਕੇਦਾਰੀ ਦਾ ਦਖ਼ਲ ਹੈ. ਵੈਸੇ ਪੁਰਾਣੇ



Digitized by Panjab Digital Library | www.panjabdigilib.org

ਆਰੀਆ ਲੋਕ ਗਊ-ਰੱਖਿਆ ਦੇ ਏਨੇ ਹਿਮਾਇਤੀ ਨਹੀਂ ਸਨ। ਰਿਗਵੇਦ ਅਨੁਸਾਰ ਜਿਥੇ ਆਰੀਆ ਲੋਕ ਅਸ੍ਵਮੇਧ, ਨਰਮੇਧ ਆਦਿ ਹੋਰ ਅਨੇਕ ਪ੍ਰਕਾਰ ਦੇ ਯੱਗ ਕਰਦੇ ਸਨ ਉਥੇ ਉਹ ਗੋਮੇਧ ਨਾਮੀ ਇਕ ਅਜਿਹਾ ਯੱਗ ਵੀ ਕਰਦੇ ਸਨ ਜਿਸ ਵਿਚ ਗਊ-ਮਾਸ ਦੀਆਂ ਅਹੁਤੀਆਂ ਦਿਤੀਆਂ ਜਾਂਦੀਆਂ ਸਨ। ਪਿਛੋਂ ਮੁਸਲਮਾਨੀ ਹਮਲਿਆਂ ਦੇ ਸਮੇਂ, ਜਦ ਹਿੰਦੂ ਸਮਾਜ ਦੇ ਭਵਿੱਖ ਦੀ ਖ਼ਤਰਨਾਕ ਰੂਪ-ਰੇਖਾ ਸਾਮ੍ਹਣੇ ਵਿਖਾਈ ਦਿੱਤੀ ਤਾਂ ਵਿਦੇਸ਼ੀਆਂ ਦੇ ਮੁਕਾਬਲੇ ਤੇ ਆਪਣੀ ਸਭਿਅਤਾ ਨੂੰ ਅਛੋਹ ਰੱਖਣ ਲਈ ਹਿੰਦੂਆਂ ਨੇ ਇਸ ਪ੍ਰਕਾਰ ਦੇ ਪਸ਼ੂ-ਘਾਤ ਉਤੇ ਪ੍ਰਤੀਬੰਧ ਲਗਾ ਦਿੱਤੇ ਅਤੇ ਗਊ ਮਾਸ ਖਾਣ ਦੀ ਹਮੇਸ਼ਾਂ ਲਈ ਮਨਾਹੀ ਕਰ ਦਿਤੀ। ਭਾਰਤ ਦੇ ਪ੍ਰਧਾਨ ਮੰਤ੍ਰੀ ਪੰਡਿਤ ਜਵਾਹਰ ਲਾਲ ਜੀ ਦੀ ਪ੍ਰਸਿਧ ਪੁਸਤਕ Discovery of India ਦੇ ਸਫ਼ਾ ੯੦ ਤੋਂ ਮੇਰੇ ਇਸੇ ਕਥਨ ਦੀ ਪੁਸ਼ਟੀ ਹੁੰਦੀ ਹੈ।

ਸਿੱਖ ਗਊ-ਰੱਖਿਆ ਨਾਲ ਕਿਤਨਾ ਕੁ ਸੰਬੰਧ ਰਖਦੇ ਹਨ, ਇਸ ਬਾਤ ਸਿਖ ਇਤਿਹਾਸ ਵਿਚੋਂ ਜੇ ਕੋਈ ਮਿਸਾਲ ਮਿਲਦੀ ਹੈ ਤਾਂ ਉਹ ਕੇਵਲ ਉਸ ਹੱਦ ਤਕ ਕਿ ਸਿੱਖ ਕਦੇ ਕਦੇ ਹਿੰਦੂਆਂ ਦੀ ਹਮਦਰਦੀ ਕਰਦੇ ਸਨ ਜਿਵੇਂ ਕਿ ਮਹਾਰਾਜਾ ਰਣਜੀਤ ਸਿੰਘ ਜਾਂ ਬਾਬਾ ਸਾਹਿਬ ਸਿੰਘ ਬੇਦੀ ਦੇ ਜੀਵਨ ਵਿਚੋਂ ਕਿਸੇ ਇਕ ਅੱਧੀ ਘਟਨਾ ਦਾ ਉਲੇਖ ਕੀਤਾ ਜਾ ਸਕਦਾ ਹੈ, ਪਰ ਸਿੱਖਾਂ ਨੇ ਅਜਿਹਾ ਕੰਮ ਕਦੇ ਕਿਸੇ ਇਕ ਫ਼ਿਰਕੇ ਦੀ ਅਗਵਾਈ ਲਈ ਹਰਗਿਜ਼ ਨਹੀਂ ਕੀਤਾ ਅਤੇ ਨਾਹੀ ਕਦੇ ਗਊ ਨੂੰ 'ਮਾਤਾ' ਆਖ ਕੇ ਸਨਮਾਨਿਆ ਹੈ। ਚੁਨਾਂਚਿ ਇਸ ਸੰਬੰਧ ਵਿਚ ਸਿੱਖ ਰਾਜ ਦੇ ਸਮੇਂ ਸੰਨ ੧੮੪੬ ਵਿਚ ਹੀ ਲਾਹੌਰ ਦੀ ਇਕ ਘਟਨਾ ਦਾ ਜ਼ਿਕਰ ਹੈ ਕਿ ਕਿਸੇ ਗੋਰੇ ਸਿਪਾਹੀ ਦੇ ਹੱਥੋਂ, ਜੋ ਫ਼ੌਜੀ ਬੈਰਿਕ ਅੱਗੇ ਪਹਿਰਾ ਦੇ ਰਿਹਾ ਸੀ, ਕੁਝ ਗਊਆਂ, ਵੱਗ ਦੀ ਭੀੜ ਦੇ ਕਾਰਣ ਫੱਟੜ ਹੋ ਗਈਆਂ ਜਿਸ ਕਰਕੇ ਸ਼ਹਿਰ ਦੇ ਹਿੰਦੂਆਂ ਵਲੋਂ ਹੜਤਾਲ ਹੋਈ ਤੇ ਲਫਟੈਨ ਐਡਵਰਡਜ਼ ਨੂੰ, ਜੋ ਹੜਤਾਲ ਖੁਲ੍ਹਾਉਣ ਗਿਆ ਸੀ, ਪਥਰਾਉ ਕਰਕੇ ਫੱਟੜ ਕਰ ਦਿੱਤਾ ਗਿਆ। ਪਿਛੋਂ ਸਰ ਹੈਨਰੀ ਲਾਰੰਸ ਦੇ ਹੁਕਮ ਨਾਲ ਸਾਰੇ ਦੋਸ਼ੀ ਫੜੇ ਗਏ ਅਤੇ ਦੱਤ ਨਾਮੀ ਇਕ ਬ੍ਰਾਹਮਣ ਨੂੰ, ਜੋ ਇਸ ਬਲਵੇ ਦਾ ਮੋਢੀ ਸੀ, ਸਰੇ ਬਾਜ਼ਾਰ ਫਾਂਸੀ ਦਿੱਤੀ ਗਈ ਜਿਸ ਕਰ ਕੇ ਇਹ ਸ਼ੋਰਸ਼ ਉਥੇ ਹੀ ਦਬ ਗਈ। ਇਸ ਬਲਵੇ ਵਿਚ ਕੋਈ ਇਕ ਵੀ ਸਿੱਖ ਸ਼ਾਮਲ ਨਹੀਂ ਸੀ। (ਦੇਖੋ, Life of H. Lawrence, 1872, part II pp. 65-67)।

ਇਸ ਤੋਂ ਸਾਫ਼ ਪਰਗਟ ਹੈ ਕਿ ਸਿੱਖ ਅਜਿਹੀ ਕਿਸੇ ਅੰਧਾਧੁੰਦ ਗਊ-ਰਖਿਆ ਨਾਲ, ਜਿਸ ਦਾ ਨਿਸ਼ਾਨਾ ਮਹਿਜ਼ ਫ਼ਿਰਕੇਦਾਰੀ ਹੋਵੇ, ਕੋਈ ਸੰਬੰਧ ਨਹੀਂ ਰਖਦੇ। ਉਹ



Digitized by Panjab Digital Library | www.panjabdigilib.org

ਚਾਹੁੰਦੇ ਹਨ ਕਿ ਗਊ- ਰੱਖਿਆ ਭਾਰਤ ਵਿਚ ਆਰਥਿਕ ਨੁਕਤਾ ਨਿਗਾਹ ਤੋਂ ਜ਼ਰੂਰ ਹੋਣੀ ਚਾਹੀਏ, ਪਰ ਬੜੀ ਅਕਲਮੰਦੀ ਨਾਲ, ਠੀਕ ਉਸੇਤਰਾਂ ਹੀ ਜਿਸਤਰਾਂ ਕਿ ਯੂਰਪ ਦੇ ਕੁਝ ਦੇਸਾਂ ਵਿਚ ਚੰਗੀ ਨਸਲ ਦੀਆਂ ਗਊਆਂ ਪਾਲਕੇ ਕੀਤੀ ਜਾਂਦੀ ਹੈ। ਪਰ ਇਸ ਗਊ-ਰੱਖਿਆ ਨੂੰ ਫ਼ਿਰਕੇਦਾਰੀ ਦੀ ਰੰਗਣ ਦੇਣੀ ਕਿਸੇਤਰਾਂ ਵੀ ਉਚਿਤ ਨਹੀ ਕਿਉਂਕਿ ਦੇਸ਼-ਭਗਤਾਂ ਜਾਂ ਕੌਮ-ਪ੍ਰਸਤਾਂ ਵਿਚ ਨਿਰੇ ਹਿੰਦੂ ਹੀ ਨਹੀਂ, ਮੁਸਲਮਾਨ ਈਸਾਈ ਆਦਿ ਵੀ ਹਨ ਜੋ ਗਊ ਦਾ ਦਰਜਾ ਹੋਰ ਜਾਨਵਰਾਂ ਵਰਗਾ ਹੀ ਸਮਝਦੇ ਹਨ। ਚਕ੍ਰਵਰਤੀ ਜੀ ਇਸ ਕੌਮ ਪ੍ਰਸਤੀ ਤੋਂ ਇਕ ਪਾਸੇ ਰਹਿ ਕੇ ਗਊ ਨੂੰ 'ਮਾਂ' ਆਖਕੇ ਫ਼ਿਰਕੇਦਾਰੀ ਦਾ ਮੁੱਢ ਇਨ੍ਹਾਂ ਸ਼ਬਦਾਂ ਨਾਲ ਬੰਨ੍ਹਦੇ ਹਨ:—

ਅਸੀਂ ਬੁੱਚੜ ਮਾਰੇ ਇਸ ਲਈ ਉਹ ਮਾਰਨ ਸਾਡੀ 'ਮਾਂ'

(ਦੇਖੋ, ਮਾਲਵੇਂਦ੍ਰ, ਸਫ਼ਾ ੨੯੭)

੬.

ਸੰਤ ਇੰਦ੍ਰ ਸਿੰਘ ਜੀ ਚਕ੍ਰਵਰਤੀ, ਜਿਥੋਂ ਤਕ ਦੇਸ-ਭਗਤੀ ਦੇ ਸੁਤੰਤ੍ਰ ਵਿਚਾਰਾਂ ਦਾ ਸੰਬੰਧ ਹੈ, ਗਊ-ਰੱਖਿਆ ਦੀ ਅਸਲੀਅਤ ਨੂੰ ਨਹੀਂ ਸਮਝੇ ਜਿਸ ਕਰਕੇ ਉਹ ਇਸ ਮਹਾਕਾਵਿ ਵਿਚ ਕਈ ਅੱਲ ਪਟੱਲ ਗੱਲਾਂ ਕੌਮ ਪ੍ਰਸਤੀ ਦੇ ਪਰਦੇ ਹੇਠ ਫ਼ਿਰਕੇਦਾਰੀ ਨੂੰ ਹਵਾ ਦੇਣ ਲਈ ਕਰ ਗਏ ਹਨ, ਜਿਵੇਂ ਉਹ ਇਕ ਪਾਸੇ ਤਾਂ ਬਾਬਾ ਰਾਮ ਸਿੰਘ ਜੀ ਵਲੋਂ ਇਹ ਪ੍ਰਣ ਕੀਤਾ ਜ਼ਾਹਿਰ ਕਰਦੇ ਹਨ:—

ਜਿਨਾ ਚਿਰ ਅੰਗ੍ਰੇਜ਼ ਨੂੰ ਦੇਸੋਂ ਲਵਾਂ ਨ ਕੱਢ<br>
ਟਿਕ ਕੇ ਬੈਠਾ ਨਾ ਕਦੀ, ਇਕ ਥਾਂ ਡੇਰੇ ਗੱਡ

(ਦੇਖੋ, ਮਾਲਵੇਂਦ੍ਰ, ਸਫ਼ਾ ੪੦)

ਤੇ ਉਨ੍ਹਾਂ ਦੇ ਸਿੰਘ ਵੀ ਇਹੋ ਅਰਦਾਸਾਂ ਕਰਦੇ ਹਨ:—

(੧) ਦਿਲ ਵਿਚ ਇੱਛਾ ਰੱਖਣੀ, ਲੈਣਾ ਆਪਣਾ ਰਾਜ<br>
ਹੋਇ ਹਕੂਮਤ ਆਪਣੀ, ਅਪਣਾ ਹੋਇ ਸਮਾਜ<br>
ਗੋਰੇ ਕਢ ਕੇ ਦੇਸ 'ਚੋਂ ਕਰਨਾ ਦੇਸ ਅਜ਼ਾਦ

(ਦੇਖੋ, ਸਫ਼ਾ ੧੭੧)

(੨) ਬਿਲੇ ਕਢ ਕੇ ਦੇਸ 'ਚੋਂ ਅਪਣਾ ਲੈਣਾ ਰਾਜ<br>
ਜਾਂ ਹੁਣ ਗੋਰੇ ਰਹਿਣਗੇ ਜਾਂ ਵੱਸਾਂਗੇ ਆਪ

(ਦੇਖੋ, ਸਫ਼ਾ ੧੬੩)

ਪਰ ਨਾਲ ਹੀ ਦੂਜੇ ਪਾਸੇ ਗਊ-ਰੱਖਿਆ ਦਾ ਤਕੜਾ ਅੰਦੋਲਨ ਵੀ ਕਰਦੇ ਹਨ। ਅੰਗਰੇਜ਼ ਤੋਂ ਰਾਜ ਲੈਣ ਦੇ ਇਹ ਸਾਧਨ, ਜਿਵੇਂ ਕਿ ਚਕ੍ਰਵਰਤੀ ਦੀ



Digitized by Panjab Digital Library | www.panjabdigilib.org

ਲਿਖਤ ਤੋਂ ਸਾਬਤ ਹੁੰਦਾ ਹੈ, ਨਿਰੇ ਜ਼ਬਾਨੀ ਗੱਲਾਂ-ਬਾਤਾਂ ਤੇ ਹੀ ਨਿਰਭਰ ਹਨ। ਕਿਉਂਕਿ ਨਾਮਧਾਰੀਆਂ ਪਾਸ ਹਥਿਆਰ ਕੋਈ ਨਹੀਂ; ਗਊ-ਰੱਖਿਆ ਦੇ ਦ੍ਰਿੜ੍ਹ ਵਿਸ਼ਵਾਸ਼ੀ ਹੋਣ ਕਰ ਕੇ ਅਤੇ ਹੋਰ ਮਜ਼ਹਬਾਂ ਨਾਲ ਵਖੇਵਾਂ ਹੋਣ ਤੇ ਕੌਮੀ ਏਕਤਾ ਦੀ ਇਨ੍ਹਾਂ ਵਿਚ ਇਕ ਖ਼ਾਸ ਕਮੀ ਹੈ। ਫੇਰ ਆਪਣੇ ਹੀ ਘਰ ਵਿਚ ਸਿੱਖਾਂ ਨਾਲ ਸਿੱਖਾਂ ਦਾ ਧਾਰਮਿਕ ਮਤਭੇਦਾਂ ਦੇ ਕਾਰਣ ਪਰਸਪਰ ਮਿਲਾਪ ਨਹੀਂ, ਇਸ ਕਮੀ ਦੇ ਬਾਵਜੂਦ ਉਹ ਮਿਸਾਲਾਂ ਦਿੰਦੇ ਹਨ ਪ੍ਰਸਿੱਧ ਕੌਮੀ ਪਰਵਾਨੇ ਸ: ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਊਧਮ ਸਿੰਘ, ਦੱਤ ਤੇ ਗੁਰੂ ਦੀਆਂ (ਦੇਖੋ, ਮਾਲਵੇਂਦ੍ਰ, ਸਫ਼ੇ ੧੬੦, ੩੫੦-੫੧) ਪਰ ਵਰਤਾਉ ਹੁੰਦਾ ਹੈ ਇਸ ਤੋਂ ਉਲਟ ਅਤੇ ਨਾਮਧਾਰੀਏ ਜਿਸ ਪਾਸੇ ਵੀ ਚੜ੍ਹਾਈ ਕਰਦੇ ਹਨ ਉਥੇ ਮਾਰੇ ਜਾਂਦੇ ਹਨ ਨਿਰੇ ਮੁਸਲਮਾਨ ਬੁੱਚੜ ਹੀ, ਉਹ ਵੀ ਵਧੇਰੇ ਉਨ੍ਹਾਂ ਦੀਆਂ ਜ਼ਨਾਨੀਆਂ ਅਤੇ ਬੱਚੇ ਜਾਂ ਪਰਾਹੁਣੇ*ਜੋ ਜੇ ਨਿਰਪੱਖ ਹੋ ਕੇ ਵੇਖਿਆ ਜਾਵੇ ਤਾਂ ਸਾਡੇ ਆਪਣੇ ਦੇਸ ਦਾ ਹੀ ਇਕ ਅੰਗ ਸਨ ਤੇ ਬਾਹਰੋਂ ਆਏ ਹੋਏ ਅੰਗ੍ਰੇਜ਼ ਨਹੀਂ ਸਨ। ਸੰਨ ੧੮੭੧-੭੨ ਈ: ਵਿਚ ਨਾਮਧਾਰੀਆਂ ਦੇ ਤਿੰਨ ਹਮਲੇ, ਜੋ ਉਨ੍ਹਾਂ ਨੇ ਗਊ-ਰੱਖਿਆ ਦੇ ਨਾਂ ਹੇਠ ਅੰਮ੍ਰਿਤਸਰ, ਰਾਇ ਕੋਟ ਤੇ ਮਾਲੇਰ ਕੋਟਲੇ ਉਤੇ ਕੀਤੇ, ਕਿਸੇ ਇਕ ਪੱਖੀ ਨੁਕਤਾ ਨਿਗਾਹ ਤੋਂ ਤਾਂ ਬੇਸ਼ਕ ਬੜੀ ਕੁਰਬਾਨੀ ਦੇ ਨਮੂਨੇ ਸਮਝੇ ਜਾਣ, ਪਰ ਦੇਸ਼-ਭਗਤੀ ਦੇ ਨੁਕਤੇ ਤੋਂ ਅਸੀਂ ਇਨ੍ਹਾਂ ਨੂੰ ਏਨੀ ਮਹਾਨਤਾ ਨਹੀਂ ਦੇ ਸਕਦੇ। ਜੇ ਇਨ੍ਹਾਂ ਹੀ ਹਮਲਿਆਂ ਵਿਚ ਇਕ ਦੋ ਅੰਗ੍ਰੇਜ਼ ਵੀ ਕਿਸੇ ਹੀਲੇ ਮਾਰੇ ਜਾਂਦੇ ਤਾਂ ਸ਼ਾਇਦ ਇਹ ਘਟਨਾਵਾਂ ਕੌਮੀਅਤ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖਣ ਜੋਗ ਬਣ ਜਾਂਦੀਆਂ।

ਅੰਮ੍ਰਿਤਸਰ, ਰਾਇ ਕੋਟ ਤੇ ਮਾਲੇਰ ਕੋਟਲੇ ਦੇ ਹਮਲੇ ਨਾਮਧਾਰੀਆਂ ਨੇ ਬਾਬਾ ਰਾਮ ਸਿੰਘ ਜੀ ਦੇ 'ਨਾਂਹ-ਨਾਂਹ' ਕਰਦਿਆਂ ਹੀ ਕੀਤੇ ਸਨ ਅਤੇ ਆਖ਼ਰੀ ਹਮਲੇ ਸਮੇਂ, ਜੋ ੧੫ ਜਨਵਰੀ ਸੰਨ ੧੮੭੨ ਈ: ਨੂੰ ਮਾਲੇਰ ਕੋਟਲੇ ਉਤੇ ਹੋਇਆ, ਪਿੰਡ ਭੈਣੀ ਤੋਂ ਚੜ੍ਹਾਈ ਕਰਨ ਵਾਲੇ ਮੁੱਠੀ ਭਰ ਮਸਤਾਨਿਆਂ ਦੀ ਪੈਦਲ ਫ਼ੌਜ ਪਾਸ ਸਿਵਾਇ ਕੁਝ ਲਾਠੀਆਂ ਅਤੇ ਟਾਕੂਆਂ ਦੇ ਹੋਰ ਹਥਿਆਰ ਕੋਈ ਨਹੀਂ ਸੀ। ਇਸ ਹਾਲਤ ਵਿਚ ਵੀ ਨਿਸ਼ਾਨਾ ਸੀ:—

ਪਹਿਲਾਂ ਸੋਧੋ ਕੋਟਲਾ, ਫਿਰ ਨਾ ਨਾਭਾ ਦੂਰ
ਕਾਬੂ ਕਰ ਕੇ ਏਸ ਨੂੰ ਚਲ ਵੜੀਏ ਸੰਗਰੂਰ
ਫਿਰ ਪਟਿਆਲੇ ਵਿਚ ਜਾ, ਉਸ ਨੂੰ ਲਓ ਸੰਭਾਲ
ਅੰਗ੍ਰੇਜ਼ਾਂ ਨੂੰ ਕੱਢ ਕੇ, ਕਰੀਏ ਦੇਸ ਬਹਾਲ

(ਦੇਖੋ, ਮਾਲਵੇਂਦ੍ਰ, ਸਫ਼ਾ ੩੨੭)

---

*ਦੇਖੋ, ਕੂਕਾ ਆਊਟ ਬ੍ਰੇਕ, ਕੂਕਾ ਪੇਪਰਜ਼ (ਪੰ: ਗੁ: ਰੀ:), ਤਾਰੀਖ਼ਿ ਪਟਿਆਲਾ ਕ੍ਰਿਤ ਖ਼ਲੀਫ਼ਾ ਮੁਹੰਮਦ ਹਸਨ, ਸਫ਼ਾ ੬੬੩ ਤੇ ਕੂਕਿਆਂ ਦੀ ਵਿਥਿਆ, ਡਾ: ਗੰਡਾ ਸਿੰਘ, ਸਫ਼ਾ ੧੩੬।



Digitized by Panjab Digital Library | www.panjabdigilib.org

ਇਨ੍ਹਾਂ ਰਿਆਸਤਾਂ ਦੇ ਰਾਜਿਆਂ ਵਿਚੋਂ ਇਕ ਵੀ ਅੰਗ੍ਰੇਜ਼ ਨਹੀਂ ਸੀ ਪਰ ਅਗੋਂ ਉਨਾਂ ਨੂੰ ਇਹ ਗੱਲ ਕੌਣ ਦਸਦਾ ਕਿ ਇਸ ਤਰ੍ਹਾਂ ਦੇਸ ਕਦੇ ਆਜ਼ਾਦ ਨਹੀਂ ਹੋਇਆ ਕਰਦੇ ਅਤੇ ਨਾਹੀ ਕੋਈ ਅਜਿਹਾ ਹਮਲਾ ਕਿਸੇ ਕੌਮ ਦੇ ਇਤਿਹਾਸ ਵਿਚ ਕੁਝ ਅਹਿਮੀਅਤ ਰੱਖਣ ਵਾਲਾ ਮੰਨਿਆ ਜਾ ਸਕਦਾ ਹੈ।

੭.

'ਮਾਲਵੇਂਦ੍ਰ' ਮਹਾਕਾਵਿ, ਜਿਵੇਂ ਕਿ ਸੰਤ ਨਿਧਾਨ ਸਿੰਘ 'ਆਲਿਮ' ਨੇ ਇਸ ਦੀ ਭੂਮਿਕਾ ਵਿਚ ਲਿਖਿਆ ਹੈ, ਸੰਤ ਇੰਦਰ ਸਿੰਘ ਚਕ੍ਰਵਰਤੀ ਨੇ ਰਾਤੀਂ ਸੁਪਨੇ ਵਿਚ ਬਾਬਾ ਰਾਮ ਸਿੰਘ ਜੀ ਦੇ ਟੁੰਬ ਕੇ ਆ ਜਗਾਉਣ ਤੇ ਅੱਭੜਵਾਹੇ ਉੱਠ ਕੇ ਲਿਖਣਾ ਆਰੰਭਿਆ ਸੀ ਜਿਸਾਂ ਕਰ ਕੇ ਇਸ ਵਿਚ ਕੁਦਰਤੀ ਤੌਰ ਤੇ ਬਹੁਤ ਸਾਰੇ ਨੁਕਸ ਆ ਗਏ ਹਨ। ਉਹ ਨੁਕਸ ਦੋ ਤਰ੍ਹਾਂ ਦੇ ਹਨ—(੧) ਇਤਿਹਾਸਕ ਤੇ (੨) ਸਾਹਿੱਤਕ।

ਕੁਝ ਇਤਿਹਾਸਕ ਨੁਕਸ ਇਸ ਮਹਾਕਾਵਿ ਵਿਚ ਮੋਟੇ ਤੌਰ ਤੇ ਇਹ ਹਨ:—

(ੳ) ੧ ਅੱਸੂ ਸੰਮਤ ੧੮੯੮ ਬਿ: ਨੂੰ ਬਾਬਾ ਰਾਮ ਸਿੰਘ ਦਾ ਸਿਖ ਫ਼ੌਜ ਨਾਲ ਹਜ਼ਰੋ ਜਾਣਾ ਤੇ ਫੇਰ ਉਥੋਂ ਲਾਹੌਰ ਆ ਕੇ ਕੁਝ ਭਵਿੱਖ ਬਾਣੀ ਪ੍ਰਗਟ ਕਰਨ ਤੇ ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਨਾਲ ਜੇਲ ਵਿਚ ਡੱਕੇ ਜਾਣਾ ਲਿਖਿਆ ਹੈ (ਦੇਖੋ, ਸਫ਼ਾ ੨੭) ਜੋ ਅਸਲ ਵਾਕਿਆਤ ਤੋਂ ਉਲਟ ਹੈ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਇਸ ਤੋਂ ਦੋ ਸਾਲ ਪਹਿਲਾਂ ਸੰਮਤ ੧੮੯੬ ਬਿ: ਵਿਚ ਹਾੜ੍ਹ ਦੇ ਮਹੀਨੇ ਸੁਰਗਵਾਸ ਹੋ ਚੁਕੇ ਸਨ।

(ਅ) ਸਤਲੁਜੋਂ ਉਰਾਰ ਦਰਬਾਰ ਲਾਹੌਰ ਦਾ ਇਲਾਕਾ ਮਹਾਰਾਜਾ ਰਣਜੀਤ ਸਿੰਘ ਦੇ ਜੀਉਂਦਿਆਂ ਨਹੀਂ, ਸਗੋਂ ਇਸ ਤੋਂ ਸੱਤ ਵਰ੍ਹੇ ਬਾਅਦ ਸੰਨ੍ਹ ੧੮੪੫ ਵਿਚ ਸਤਲੁਜ ਦੀ ਲੜਾਈ ਛਿੜਨ ਸਮੇਂ ਜ਼ਬਤ ਹੋਇਆ ਸੀ। (ਦੇਖੋ, History of the Punjab by Mohd. Latif, P. 540) ਪਰ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਇਸ ਇਤਿਹਾਸ ਤੋਂ ਅਨਜਾਣ ਹੋਣ ਕਰ ਕੇ ਇਸ ਘਟਨਾ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਨਾਲ ਜੋੜਦੇ ਹਨ ਜੋ ਗ਼ਲਤ ਹੈ। ਇਨ੍ਹਾਂ ਲਿਖਿਆ ਹੈ:—

’ਲਾਕਾ ਤੁਹਾਡੇ ਰਾਜ ਦਾ, ਸਾਰਾ ਸਤਲੁਜ ਪਾਰ
ਕਾਬੂ ਓਨ੍ਹਾਂ ਕਰ ਲਿਆ, ਬਿਨਾਂ ਕਿਸੇ ਤਕਰਾਰ

(ਦੇਖੋ, ਮਾਲਵੇਂਦ੍ਰ, ਸਫ਼ਾ ੩੦)

(ੲ) ਅੰਮ੍ਰਿਤਸਰ ਬੁੱਚੜ-ਬੱਧ (੧੮੭੧) ਦੇ ਦੋਸ਼ੀ ਚਕ੍ਰਵਰਤੀ ਜੀ ਦੇ ਕਥਨ ਅਨੁਸਾਰ ਬਾਬਾ ਰਾਮ ਸਿੰਘ ਜੀ ਦੇ ਪ੍ਰੇਰਣਾ ਕਰਨ ਤੇ ਖ਼ੁਦ ਅਦਾਲਤ ਵਿਚ ਹਾਜ਼ਰ ਹੋਣ ਤੇ ਫਾਂਸੀ ਲੱਗੇ



Digitized by Panjab Digital Library | www.panjabdigilib.org

ਸਨ ਅਤੇ ਨਿਰਦੋਸ਼ ਫੜੇ ਹੋਏ ਨਿਹੰਗ ਉਨ੍ਹਾਂ ਨੇ ਛੁਡਾਏ ਸਨ । ਇਸ ਕਤਲ-ਕੇਸ ਦਾ ਜੱਜ ਮਿਸਟਰ ਜੀ. ਆਰ. ਐਲਸਮੀ ਇਸ ਤੋਂ ਉਲਟ ਗਵਾਹੀ ਦਿੰਦਾ ਹੈ ਕਿ ਉਹ ਮੁਲਜ਼ਮ (ਨਿਹੰਗ) ਜੋ ਪਹਿਲਾਂ ਸ਼ਕ ਵਿਚ ਫੜੇ ਗਏ ਸਨ ਬਿਨਾ ਕੋਈ ਸਬੂਤ ਮਿਲਣ ਤੇ ਨਿਰਦੋਸ਼ ਜਾਣ ਕੇ ਛੱਡੇ ਗਏ ਸਨ । (ਦੇਖੋ, Thirty five years in the Punjab, P. 158)

(ਸ) ਮਾਲੇਰ ਕੋਟਲੇ, ਦੇ ਸਾਕੇ ਵਿਕ ਚਕ੍ਰਵਰਤੀ ਜੀ ਦਾ ਇਹ ਕਥਨ ਕਿ ਨਵਾਬ ਮਾਲੇਰ ਕੋਟਲਾ ਉਸ ਸਮੇਂ ਪਾਗਲ ਕਰ ਕੇ ਬਿਠਾਇਆ ਹੋਇਆ ਸੀ (ਮਾਲਵੇਂਦ੍ਰ, ਸਫ਼ਾ ੩੯੬) ਗਲਤ ਹੈ । ਅਸਲ ਗੱਲ ਇਹ ਹੈ ਕਿ ਨਵਾਬ ਸਿਕੰਦਰ ਅਲੀ ਖ਼ਾਨ ਉਸ ਸਮੇਂ ਸੰਤਾਨ ਹੀਨ ਮਰ ਚੁੱਕਾ ਸੀ ਅਤੇ ਉਸ ਦੀ ਥਾਂ ਕੋਈ ਗੱਦੀ ਨਸ਼ੀਨ ਨਾ ਟਿੱਕਿਆ ਜਾਣ ਕਰ ਕੇ ਹਕੂਮਤ ਦਾ ਪ੍ਰਬੰਧ ਸਰਕਾਰ ਅੰਗ੍ਰੇਜ਼ੀ ਦੇ ਹੱਥ ਸੀ । (ਦੇਖੋ, ਤਾਰੀਖ਼ਿ ਪਟਿਆਲਾ, ਕ੍ਰਿਤ ਖ਼ਲੀਫ਼ਾ ਮੁਹੰਮਦ ਹਸਨ, ਸਫ਼ਾ ੬੫੨)

(ਹ) ਇਸੇ ਤਰ੍ਹਾਂ ਮਾਲੇਰ ਕੋਟਲੇ ਦੇ ਸਾਕੇ ਵਿਚ ਹੀ ਰਾਜਾ ਫ਼ਰੀਦ ਕੋਟ ਬਾਰੇ ਦੋ ਥਾਵੇਂ ਲਿਖਿਆ ਹੈ:-

(i) ਚੜ੍ਹ ਪੁਛੀਏ ਪਹਾੜਾ ਸਿੰਘ ਨੂੰ ਜੋ ਹੈ ਅੰਗ੍ਰੇਜ਼ਾਂ ਦਾ ਯਾਰ

(ਮਾਲਵੇਂਦ੍ਰ, ਸਫ਼ਾ ੩੨੩)

(ii) ਫਰੀਦ ਕੋਟ ਦੇ ਵਿਚ ਹੈ, ਪਹਾੜਾ ਸਿੰਘ ਬੈਰਾੜ

(ਦੇਖੋ, ਸਫ਼ਾ ੩੨੭)

ਪਰ ਇਤਿਹਾਸ ਦਸਦਾ ਹੈ ਕਿ ਪਹਾੜਾ ਸਿੰਘ ਏਦੂੰ ੨੩ ਵਰ੍ਹੇ ਪਹਿਲਾਂ, ਸੰਨ ੧੮੪੯ ਈ: ਵਿਚ, ਮਰ ਚੁੱਕਾ ਸੀ ਅਤੇ ਇਸ ਸਮੇਂ ਉਸ ਦੀ ਥਾਵੇਂ ਰਾਜਾ ਵਜ਼ੀਰ ਸਿੰਘ ਗੱਦੀ ਨਸ਼ੀਨ ਸੀ, ਇਸ ਲਈ ਚਕ੍ਰਵਰਤੀ ਜੀ ਦੀ ਇਹ ਲਿਖਤ ਵੀ ਗ਼ਲਤ ਹੈ ।

(੬) ਇਹ ਤਾਂ ਹੋਈਆਂ ਜਗ ਬੀਤੀਆਂ ਤੇ ਹੁਣ ਲਓ ਚਕ੍ਰਵਰਤੀ ਜੀ ਦੀ ਇਕ ਆਪ ਬੀਤੀ ਘਟਨਾ ਦਾ ਝੂਠ । ਸਰਕਾਰੀ ਸਰਵਿਸ ਦੇ ਕਾਗਜ਼ਾਂ ਵਿਚ ਚਕ੍ਰਵਰਤੀ ਜੀ ਨੇ ਆਪਣਾ ਜਨਮ ਸੰਨ ੧੯੦੪ ਈ: ਵਿਚ ਹੋਇਆ ਦਰਜ ਕਰਵਾਇਆ ਹੈ, ਪਰ 'ਮਾਲਵੇਂਦ੍ਰ' ਮਹਾਕਾਵਿ ਸਫ਼ਾ ੧੫੦ ਪਰ ਆਪ ਇਕ ਥਾਂ ਹਰਦਵਾਰ ਦੇ ਦੌਰੇ ਦਾ ਜ਼ਿਕਰ ਕਰਦੇ ਹੋਏ ਇਕ ਹੋਰ ਹੀ ਨਵਾਂ ਸ਼ੰਕਾ ਖੜਾ ਕਰ ਦਿੰਦੇ ਹਨ:-

ਉਨੀ ਸੌ ਚੌਂਹਠ ਵਿਖੇ, ਮਾਈ ਦੇ ਦੀਦਾਰ
ਕੀਤੇ ਸਤਿਗੁਰ ਨਾਲ ਮੈਂ, ਦੌਰੇ ਦੇ ਵਿਚਕਾਰ
ਇਹ ਜ਼ਬਾਨੀ ਆਪਣੀ ਮਾਈ ਦਸਿਆ ਹਾਲ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੈਂ ਸਾਂ ਨਾਲ



Digitized by Panjab Digital Library | www.panjabdigilib.org

ਜੇ ਇਹ ਲਿਖਤ ਸਹੀ ਮੰਨੀ ਜਾਵੇ ਤਾਂ ਸੰਮਤ ੧੯੬੪ (ਮੁਤਾਬਿਕ ਸੰਨ ੧੯੦੮ ਈ:) ਵਿਚ ਚਕ੍ਰਵਰਤੀ ਜੀ ਦੀ ਉਮਰ ਮਸਾਂ ਚਾਰ ਕੁ ਸਾਲਾਂ ਦੀ ਹੀ ਬਣਦੀ ਹੈ, ਪਰ ਹਾਲਾਤ ਦੇ ਮੁਤਾਬਿਕ ਜਾਪਦਾ ਇੰਞ ਹੈ ਕਿ ਇਸ ਦੌਰੇ ਸਮੇਂ ਆਪ ਘੱਟੋ ਘੱਟ ੧੮-੨੦ ਸਾਲ ਦੇ ਸਨ ਇਸ ਲਈ ਮੁਮਕਿਨ ਹੈ ਆਪ ਦਾ ਅਸਲੀ ਜਨਮ ਸੰਨ ੧੮੯੦ ਈ: ਜਾਂ ਇਸ ਤੋਂ ਵੀ ਇਕ ਦੋ ਸਾਲ ਪਹਿਲਾਂ ਹੀ ਹੋਇਆ ਹੋਵੇ ਕਿਉਂਕਿ ਬਾਬਾ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਇਸ ਸਮੇਂ ਆਪ ਨਿਰੇ ਚਾਰ ਕੁ ਸਾਲਾਂ ਦੇ ਬੱਚੇ ਨਹੀਂ ਸਨ ਜੋ ਬਾਬਾ ਜੀ ਆਪ ਨੂੰ ਪਿੰਗਾਣੇ ਹਰਿਦਵਾਰ ਜਿਹੀਆਂ ਥਾਵਾਂ ਤੇ ਉਂਗਲੀ ਲਾਈਂ ਫਿਰਦੇ, ਸਗੋਂ ਆਪ ਜਵਾਨ ਸਨ ਤੇ ਹੋਸ਼ ਸੰਭਲੀ ਹੋਈ ਸੀ, ਜਿਵੇਂ ਕਿ ਆਪ ਇਸ ਤੋਂ ਅੱਗੇ ਲਿਖਦੇ ਵੀ ਹਨ—

"ਕੀਤੇ ਮੈਂ ਦੀਦਾਰ ਸਨ ਆਪਣੀ ਵਿਚ ਸੰਭਾਲ"
(ਸਫ਼ਾ ੧੫੦)

ਹੁਣ ਅੱਗੇ ਲਓ ਇਸ ਮਹਾਕਾਵਿ ਦੀਆਂ ਸਾਹਿੱਤਕ ਗ਼ਲਤੀਆਂ।

(੧) **ਮੁਹਾਵਰਿਆਂ ਦਾ ਨੁਕਸ**—ਕਿਹਾ ਕਿ ਇਹ ਵੀ ਸੀ ਪਿਆ, ਸਾਡੇ ਗਲ ਕਲੰਕ (ਸਫ਼ਾ ੩੯) 'ਕਲੰਕ ਮੱਥੇ ਲੱਗਣਾ' ਮੁਹਾਵਰਾ ਹੈ, 'ਕਲੰਕ ਗਲ ਪੈਣਾ' ਨਹੀਂ। ਇਸੇ ਤਰ੍ਹਾਂ 'ਗਊ-ਘਾਤੀ ਦੋਖੀਆਂ ਦਾ ਕਰ ਦਿਆਂ ਸਫਾਇਆ ਸੀ' (ਸਫ਼ਾ ੩੧੩) ਵਿਚ ਵਾਕ ਤੇ ਮੁਹਾਵਰਾ ਦੋਵੇਂ ਗ਼ਲਤ ਹਨ।

(੨) **ਅਣਵਰਤੀ ਦੇ ਲਫ਼ਜ਼ਾਂ ਦੀ ਵਰਤੋਂ**—'ਝੋਲੀ ਭਰ ਦਿਓ ਸਖਣੀ ਦਵੋ ਨਾਮ ਦਾ ਦਾਨ (ਸਫ਼ਾ ੪੩), ਏਕਤਾ ਦੇ ਸੂਤ੍ਰ ਵਿਚ ਪਰੋ ਦਵੋ (ਸਫ਼ਾ ੯੧), ਅਜੇ ਪਨੀਰੀ ਪੁੰਘਰੀ, ਫੈਲੇ ਨਾਹੀਂ ਡਾਹਣ (ਸਫ਼ਾ ੩੩੫) ਏਥੇ 'ਦਿਓ' ਦੀ ਥਾਵੇਂ 'ਦਵੋ' ਤੇ 'ਟਾਹਣ' ਦੀ ਥਾਵੇਂ 'ਡਾਹਣ' ਸ਼ਬਦ ਆਏ ਹਨ ਜੋ ਸਾਹਿੱਤ ਵਿਚ ਨਾ ਵਰਤੀਂਦੇ ਹੋਣ ਕਰ ਕੇ ਮਤਰੂਕ-ਉਲ-ਅਮਲ ਹਨ।

(੩) **ਨੰਗ-ਦੋਸ਼**— (ੳ) ਪੁਜਾਰੀਆਂ ਨੂੰ ਸੱਦ, ਕਿਹਾ ਜਰਨੈਲ ਨੇ
ਕੱਢ ਉਨ੍ਹਾਂ ਦੇ ਪੱਦ, ਦਬਕਾ ਮਾਰਿਆ (ਸਫ਼ਾ ੨੦੯)
(ਅ) ਖਬਰਾਂ ਕਰ ਪੁਲੀਸ ਨੂੰ, ਲਵਾਂ ਐਸ. ਪੀ. ਸੱਦ
ਰੋਹਬ ਪਾ ਕੇ ਇਨ੍ਹਾਂ ਦੇ ਕੱਢੇ ਆ ਕੇ ਪੱਦ (ਸਫ਼ਾ ੨੮੮)

ਇਨ੍ਹਾਂ ਤੁਕਾਂ ਵਿਚ ਨੰਗ-ਦੋਸ਼ ਹੈ। ਨਾਲੇ 'ਪੱਦ' ਸ਼ਬਦ ਦੇ ਪ੍ਰਯੋਗ ਵਿਚ ਘਟੀਆ ਗ੍ਰਾਮੀਣਤਾ ਦੋਸ਼ ਵੀ ਲਾਗੂ ਹੁੰਦਾ ਹੈ।

ਇਨ੍ਹਾਂ ਕਾਵਿ-ਦੋਸ਼ਾਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਲਫ਼ਜ਼ੀ ਗ਼ਲਤੀਆਂ ਅਤੇ ਜ਼ਬਾਨ-ਦਾਨੀ ਦੇ ਨਿੱਕੇ ਮੋਟੇ ਨੁਕਸ ਵੀ ਇਸ ਮਹਾਕਾਵਿ ਵਿਚ ਵਿਤੋਂ ਬਾਹਰੇ ਹਨ, ਜਿਵੇਂ—ਪ੍ਰਵੇਸ਼ ਹੋਣਾ



Digitized by Panjab Digital Library | www.panjabdigilib.org

ਦੀ ਥਾਵੇਂ ਪ੍ਰਵਿਰਸ਼ ਹੋਣਾ (ਸਫ਼ਾ ੫੪), ਵਿਦੁਸ਼ੀ ਦੀ ਥਾਵੇਂ ਵਿਦੂਸ਼ੀ (ਸਫ਼ਾ ੧੪੭), ਦਿਤਾ ਦੀ ਥਾਵੇਂ ਦੀਆ (ਸਫ਼ਾ ੧੨੮) ਆਦਿ। ਇਸੇ ਤਰ੍ਹਾਂ ਇਕ ਥਾਵੇਂ 'ਵਿਚ' ਦੀ ਥਾਵੇਂ 'ਮੇ' ਸ਼ਬਦ ਵੀ ਵਰਤੋਂ ਵਿਚ ਆਇਆ ਹੈ।

੮

ਆਖ਼ਰੀ ਨਤੀਜਾ ਇਸ ਪੁਸਤਕ ਨੂੰ ਪੜ੍ਹ ਕੇ ਅਤੇ ਇਸ ਦੀ ਭੂਮਿਕਾ ਨੂੰ ਵਿਚਾਰ ਕੇ ਇਹੋ ਨਿਕਲਦਾ ਹੈ ਕਿ ਇਸ ਪੁਸਤਕ ਨੂੰ ਮਹਾਕਾਵਿ ਤਾਂ ਐਵੇਂ ਮਸ਼ਹੂਰ ਕੀਤਾ ਗਿਆ ਹੈ, ਦਰ ਅਸਲ ਹੈ ਇਹ ਨਾਮਧਾਰੀ ਪ੍ਰਾਪੇਗੰਡੇ ਦਾ ਇਕ ਕਿਤਾਬੀ ਇਸ਼ਤਿਹਾਰ ਹੀ ਜਿਸ ਵਿਚ ਜਿਵੇਂ ਕਿ ਸ: ਰਾਜਿੰਦ੍ਰ ਸਿੰਘ ਚੀਫ਼ ਐਡੀਟਰ ਸਤਿਜੁਗ ਦੀ ਲਿਖਤ ਦਾ ਪਿਛੇ ਹਵਾਲਾ ਦਿਤਾ ਗਿਆ ਹੈ, ਡਾਕਟਰ ਗੰਡਾ ਸਿੰਘ ਦੀ ਪ੍ਰਸਿੱਧ ਪੁਸਤਕ 'ਕੂਕਿਆਂ ਦੀ ਵਿਥਿਆ' ਦਾ ਖੰਡਨ ਕਰਨ ਲਈ ਹੀ ਇਸ ਦੇ ਲੇਖਕ ਨੇ ਸਾਰਾ ਟਿੱਲ ਲਾਇਆ ਹੈ ਜਿਵੇਂ ਕਿ ਇਕ ਥਾਵੇਂ ਲਿਖਿਆ ਹੈ :

"...ਅੰਗ੍ਰੇਜ਼ ਨੇ ਨਾਮਧਾਰੀਆਂ ਤੇ ਜ਼ੁਲਮ ਦੇ ਪਹਾੜ ਢਾਹੇ। ਇਸ ਜ਼ੁਲਮ ਤੇ ਪੜਦਾ ਪਾਣ ਲਈ...ਅੰਗ੍ਰੇਜ਼ ਪ੍ਰਸਤੀ ਤੇ ਉਸ ਦੀ ਖ਼ੁਸ਼ਨੂਦੀ ਹਾਸਲ ਕਰਨ ਦੇ ਖ਼ਿਆਲ ਨਾਲ ਲਿਖੀ ਗਈ ਇਹ 'ਕੂਕਿਆਂ ਦੀ ਵਿਥਿਆ' ਹੈ। (ਦੇਖੋ, ਕੂਕ੍ਰਿਆਂ ਬਾਰੇ, ਸਫ਼ਾ ੧੦੧)

ਇਸ ਤੋਂ ਅੱਗੇ ਲਿਖਾਰੀ ਨੇ ਪ੍ਰਿੰਸੀਪਲ ਜੋਧ ਸਿੰਘ ਨੂੰ ਇਸੇ ਬਦਲੇ ਸਰਦਾਰ ਬਹਾਦੁਰੀ ਦਾ ਖ਼ਿਤਾਬ ਮਿਲਣਾ ਦੱਸ ਕੇ ਨਿੰਦਿਆ ਹੈ ਅਤੇ ਭਾਈ ਵੀਰ ਸਿੰਘ, ਸੇਵਾ ਸਿੰਘ (ਖ਼ਾਲਸਾ ਸਮਾਚਾਰ) ਅਤੇ ਭਗਤ ਲਛਮਣ ਸਿੰਘ ਨੂੰ ਅੰਗ੍ਰੇਜ਼ ਦੇ ਹਮਜੋਲੀ ਆਖ ਕੇ ਭੰਡਣ ਦਾ ਜਤਨ ਕੀਤਾ ਹੈ, ਪਰ ਲੇਖਕ ਨੂੰ ਸ਼ਾਇਦ ਇਹ ਪਤਾ ਨਹੀਂ ਕਿ ਅੰਗ੍ਰੇਜ਼ ਦੀ ਖ਼ੁਸ਼ੀ ਹਾਸਲ ਕਰਨ ਲਈ ਬਾਬਾ ਰਾਮ ਸਿੰਘ ਜੀ ਵੀ ਕਈ ਵੇਰ ਕੁਝ ਜਤਨ ਕਰਦੇ ਰਹੇ ਸਨ। ਇਸ ਸੰਬੰਧ ਵਿਚ ਉਨ੍ਹਾਂ ਦੀ ਇਕ ਚਿੱਠੀ ਜਾਂ ਅਰਦਾਸ, ਜੋ ਭਗਤ ਹੀਰਾਨੰਦ, ਗਣੇਸ਼ ਦਾਸ ਅਤੇ ਰਾਮ ਚੰਦ ਜੀ ਰਾਵਲਪਿੰਡੀ ਵਾਲਿਆਂ ਨੂੰ ਸੰਮਤ ੧੯੨੨ ਬਿ: ਨੂੰ ਲਿਖੀ ਗਈ ਸੀ, ਕੁਝ ਰੌਸ਼ਨੀ ਪਾਉਂਦੀ ਹੈ। ਉਸ ਚਿਠੀ ਦੇ ਇਹ ਸ਼ਬਦ ਹਨ—"ਹੋਰ ਜੀ ਅਸੀਂ ਕੋਈ ਵਿਗਾੜ ਕਰਦੇ ਨਹੀਂ . . . ਜੇ ਤੁਸਾਂ ਪਾਸੋਂ ਕੁਝ ਬਣ ਆਵੇ ਤਾਂ ਇਨ੍ਹਾਂ ਤੇ (ਸਰਕਾਰ ਤੇ) ਸਾਡਾ ਪਿਛਾ ਛੁਡਾਇ ਦਿਓ, ਤੁਸੀਂ ਆਪਣੇ ਸੇਵਕ ਜਨਾਇ ਦਿਉ ਸਰਕਾਰ ਨੂੰ। (ਦੇਖੋ, ਖ਼ਾਲਸਾ ਸਮਾਚਾਰ, ੯–੨–੧੯੪੧, ਸਫ਼ਾ ੯)। ਇਸ ਤੋਂ ਪਿਛੋਂ ਦੂਜਾ ਸਬੂਤ ਮਾਲੇਰ ਕੋਟਲੇ ਉਤੇ ਨਾਮਧਾਰੀਆਂ ਦੀ ਚੜ੍ਹਾਈ ਸਮੇਂ ਮਿਲਦਾ ਹੈ। ਉਹ ਇਸ ਤਰ੍ਹਾਂ ਕਿ ਜਦ ਨਾਮਧਾਰੀਆਂ ਨੇ ਹੁਕਮ ਤੋਂ ਬਾਹਰ ਹੋ ਕੇ ਕੋਟਲੇ ਵਲ ਕਮਰ ਕਸੇ ਕੀਤੇ ਤਾਂ ਬਾਬਾ ਜੀ ਨੇ ਇਸ ਸੰਬੰਧ ਵਿਚ ਪਹਿਲੀ ਇਤਲਾਹ ਸਰਕਾਰ ਦੇ ਠਾਣੇਦਾਰ ਪਾਸ ਅਤੇ ਦੂਜੀ ਇਤਲਾਹ ਲੁਧਿਹਾਣੇ ਡੀ. ਸੀ. ਪਾਸ ਆਪ ਭੇਜੀ ਤਾ ਕਿ 'ਨਿਆਕਾਰ' ਸਰਕਾਰ ਅੰਗ੍ਰੇਜ਼ੀ ਨੂੰ ਯਕੀਨ ਹੋ ਜਾਵੇ ਕਿ ਇਸ ਬਲਵੇ ਨਾਲ ਬਾਬਾ ਜੀ ਉਕੇ ਹੀ ਸੰਬੰਧਿਤ ਨਹੀਂ ਸਨ।



Digitized by Panjab Digital Library | www.panjabdigilib.org

(੧) ਤੀਜੀ ਅਰਜ਼ ਜਾਂ ਕਰੀ ਮਸਤਾਨਿਆਂ ਨੇ, ਗੁਰਾਂ ਝੱਟ ਇਹ ਕੰਮ ਕਰਾਇਆ ਹੈ।
ਲੱਖਾ ਸਿੰਘ ਸੂਬਾ ਤੁਰਤ ਸੱਦ ਕੇ ਤੇ, ਗੁਰਾਂ ਆਪਣੇ ਪਾਸ ਬਠਾਇਆ ਹੈ।
ਲੁਦਿਹਾਣੇ ਨੂੰ ਦਈਂ 'ਤਲਾਹ ਜਾ ਕੇ, ਸ੍ਰੀ ਆਪ ਮੁਖ ਵਾਕ ਅਲਾਇਆ ਹੈ।
ਬੰਦੋਬਸਤ 'ਨਿਆਂਕਾਰ' ਸਰਕਾਰ ਕਰਨੀ, ਲੱਖਾ ਸਿੰਘ ਨੂੰ ਆਖ ਸਮਝਾਇਆ ਹੈ।
(ਵੇਖੋ, ਨਾਮਧਾਰੀ ਪੰਥ ਪ੍ਰਕਾਸ਼, ਕ੍ਰਿਤ ਕਾਲਾ ਸਿੰਘ, ਸਫ਼ਾ ੧੨੧)

(੨) ਦੀਯੋ ਚੜ੍ਹਾ ਲੁਧਿਆਨੇ ਲਖਾ ਸਿੰਘ, ਗੌਰਨ ਪੈ ਇਤਲਾ ਇਹ ਦੀਜੈ।
ਸਿੰਘ ਫਿਰੇਂ ਅਲਬੇਲੇ ਕਿਤੇ, ਮਸਤਾਨੇ ਬਿਭੌ ਕਿਛੁ ਨਾਹਿ ਵਸੀਜੈ।
ਵੈ ਹਮਰੋ ਕਹਯੋ ਮਾਨਤ ਨਹਿ, ਗਰ ਜੋਰ ਤੁਮੈ ਇੰਤਜ਼ਾਮ ਕਰੀਜੈ।
(ਧਿਆਨ ਸਿੰਘ, ਸਤਿਗੁਰੂ ਬਿਲਾਸ, ਸਫ਼ਾ ੧੬੬)

ਤੀਜਾ ਸਬੂਤ ਇਸ ਬਾਰੇ ਇਹ ਹੈ ਕਿ ਮਾਲੇਰ ਕੋਟਲੇ ਦੇ ਸਾਕੇ ਤੋਂ ਬਾਅਦ ਸਰਕਾਰ ਅੰਗ੍ਰੇਜ਼ੀ ਨੇ ਕੂਕਿਆਂ ਦੀ ਦੇਖ-ਰੇਖ ਲਈ ਸੰਨ ੧੮੭੨ ਵਿਚ ਹੀ ਪਿੰਡ ਭੈਣੀ ਪੁਲਿਸ ਦੀ ਚੌਂਕੀ ਬਿਠਾ ਦਿੱਤੀ ਸੀ ਜੋ ਉਥੇ ਸੰਨ ੧੯੨੨ ਤਕ ਪੂਰੇ ੫੦ ਸਾਲ ਕਾਇਮ ਰਹੀ। ਇਹ ਚੌਕੀ ਸਰਕਾਰ ਅੰਗ੍ਰੇਜ਼ੀ ਨੇ ਅਕਾਲੀ ਲਹਿਰ ਦੇ ਦਿਨਾਂ ਵਿਚ ਤਦ ਹਟਾਈ ਜਦ ਨਾਮਧਾਰੀਆਂ ਨੇ ਅਕਾਲੀਆਂ ਤੋਂ ਵਿਰੁੱਧ ਸਰਕਾਰ ਅੰਗ੍ਰੇਜ਼ੀ ਦੀ ਖੁਸ਼ੀ ਹਾਸਲ ਕਰਨ ਲਈ ਮਹੰਤਾਂ ਦਾ ਪੱਖ ਲਿਆ, ਕਿਉਂਕਿ ਉਸ ਸਮੇਂ ਸਰਵ ਹਿੰਦ ਕੌਮੀ ਕਾਂਗ੍ਰਸ ਤੇ ਅਕਾਲੀ ਦੋਵੇਂ ਪਰਸਪਰ ਇਕ ਮਿੱਕ ਸਨ ਅਤੇ ਸਰਕਾਰ ਅੰਗ੍ਰੇਜ਼ੀ ਉਨ੍ਹਾਂ ਤੋਂ ਵਿਰੁੱਧ ਮਹੰਤਾਂ ਦੀ ਪਿੱਠ ਠੋਕ ਰਹੀ ਸੀ। ਨਾਮਧਾਰੀਏ, ਜੋ ਪਹਿਲਾਂ ਸਰਕਾਰ ਅੰਗ੍ਰੇਜ਼ੀ ਦੇ ਮੁਫ਼ਸਦ ਕਰਾਰ ਦਿੱਤੇ ਹੋਏ ਸਨ, ਇਸ ਸਮੇਂ ਏਨੀ ਛੇਤੀ ਇਸੇ ਕਰ ਕੇ ਅਪਣਾ ਲਏ ਗਏ ਕਿ ਸੰਨ ੧੯੧੯ ਤੋਂ ੧੯੨੧ ਈ: ਦੇ ਦਰਮਿਆਨੀ ਸਮੇਂ ਵਿਚ ਪੰਜਾਬ ਜਲ੍ਹਿਆਂ ਵਾਲਾ ਬਾਗ (ਅੰਮ੍ਰਿਤਸਰ) ਦੇ ਕਤਲ ਅਤੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਦੇ ਕਾਰਣ ਹਾਵੇ ਭਰ ਰਿਹਾ ਸੀ ਅਤੇ ਇਸੇ ਕਾਰਣ ਪੰਜਾਬ ਦੀ ਜਨਤਾ ਕਾਂਗ੍ਰਸ ਦੇ ਸਹਿਯੋਗ ਨਾਲ ਸਰਕਾਰ ਅੰਗ੍ਰੇਜ਼ੀ ਤੋਂ ਵਿਰੁੱਧ ਉਠ ਰਹੀ ਸੀ। ਮਹਾਰਾਜਾ ਰਿਪੁਦਮਨ ਸਿੰਘ ਨਾਭਾ, ਜੋ ਪਹਿਲਾਂ ਨਾਮਧਾਰੀਆ ਹੋਣ ਦਾ ਦਮ ਭਰਦਾ ਸੀ, ਇਸ ਸਮੇਂ ਨੀਲੀ ਪਗੜੀ ਬੰਨ੍ਹ ਕੇ ਅਚਾਨਕ ਅਕਾਲੀਆਂ ਨਾਲ ਜਾ ਰਲਿਆ ਸੀ ਅਤੇ ਸਰਕਾਰ ਨੂੰ ਡਰ ਸੀ ਕਿ ਕਿਤੇ ਇਸੇਤਰ੍ਹਾਂ ਬਾਕੀ ਨਾਮਧਾਰੀਏ ਵੀ ਅਕਾਲੀਆਂ ਨਾਲ ਸ਼ਾਮਲ ਨਾ ਹੋ ਜਾਣ, ਇਸ ਲਈ ਫ਼ੌਰਨ 'ਪਾੜੋ ਤੇ ਰਾਜ ਕਰੋ' ਦੀ ਪਾਲਿਸੀ ਜਾਰੀ ਰੱਖਣ ਲਈ ਸਰਕਾਰ ਨੇ ਪਹਿਲਾਂ ਸੰਨ ੧੯੨੨ ਵਿਚ ਭੈਣੀ ਤੋਂ ਪੁਲਿਸ ਦੀ ਚੌਕੀ ਉਠਾਈ ਅਤੇ ਫੇਰ ਸੰਨ ੧੯੨੩ ਵਿਚ ਮਹਾਰਾਜਾ ਨਾਭਾ ਦੇ ਗੱਦੀਓਂ ਉਤਾਰੇ ਜਾਣ ਤੇ ਨਾਭੇ ਦਾ ਉਹ ਬੀੜ ਜੋ ਮਹਾਰਾਜਾ ਨਾਭਾ ਨੇ ਥੋੜਾ ਹੀ ਚਿਰ ਪਹਿਲਾਂ ਨਾਮਧਾਰੀਆਂ ਨੂੰ ਦਿੱਤਾ ਸੀ, ਇਹ ਕਹਿ ਕੇ ਜ਼ਬਤ ਹੋਣੋਂ ਬਚਾ ਦਿੱਤਾ ਕਿ ਜਦ ਤਕ ਅਕਾਲੀ ਲਹਿਰ ਚਲਦੀ



Digitized by Panjab Digital Library | www.panjabdigilib.org

ਹੈ ਸਰਕਾਰ ਨੂੰ ਅਜਿਹੀ ਕੋਈ ਕਾਰਵਾਈ ਨਹੀਂ ਕਰਨੀ ਚਾਹੀਏ ਜੋ ਅਕਾਲੀਆਂ ਦੇ ਇਸ ਅੰਦੋਲਨ ਵਿਚ ਕਿਸੇ ਪਾਸਿਓਂ ਵੀ ਸਹਾਇਕ ਸਾਬਤ ਹੋਵੇ। ਇਸ ਸੰਬੰਧ ਵਿਚ ਸਬੂਤ ਲਈ ਦੇਖੋ ਸਰ ਹੈਨਰੀ ਕ੍ਰੇਕ ਚੀਫ਼ ਸਕਤ੍ਰ ਪੰਜਾਬ ਸਰਕਾਰ ਦਾ ਉਹ ਪਤ੍ਰ ਜੋ ਉਸ ਨੇ ੨ ਅਗਸਤ ਸੰਨ ੧੯੨੩ ਈ: ਨੂੰ ਨਾਭੇ ਦੇ ਨਵੇਂ ਰਾਜ-ਪ੍ਰਬੰਧਕ ਮਿਸਟਰ ਸੀ. ਐਮ. ਜੀ ਉਗਲਵੀ ਨੂੰ ਲਿਖਿਆ ਸੀ।

ਇਹ ਹਨ ਸਬੂਤ ਇਸ ਗਲ ਦੇ ਕਿ ਨਾਮਧਾਰੀ ਆਗੂ ਕਦੋਂ ਅਤੇ ਕਿਵੇਂ ਸਰਕਾਰ ਅੰਗ੍ਰੇਜ਼ੀ ਨਾਲ ਮਿਲੇ ਜਾਂ ਮਿਲਣ ਦਾ ਜਤਨ ਕਰਦੇ ਰਹੇ। ਇਸ ਲਈ ਚਕ੍ਰਵਰਤੀ ਜੀ ਦਾ ਮਾਲਵੇਂਦ੍ਰ ਜਾਂ ਉਸ ਦੀ ਭੂਮਿਕਾ ਵਿਚ ਪ੍ਰਿੰਸੀਪਲ ਜੋਧ ਸਿੰਘ ਜਾਂ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੇ ਹੋਰ ਕਾਰਕੁਨਾਂ ਨੂੰ ਮੁੜ ਮੁੜ ਇਹ ਕਹਿ ਕੇ ਨਿੰਦਣਾ ਕਿ ਉਹ ਸਰਕਾਰ ਅੰਗ੍ਰੇਜ਼ੀ ਦੇ ਹਮਜੋਲੀ ਸਨ ਅਤੇ ਉਨ੍ਹਾਂ ਨੇ ਇਹੋ ਖ਼ੈਰ ਖ਼ਵਾਹੀ ਦੱਸਣ ਲਈ ਗੰਡਾ ਸਿੰਘ ਤੋਂ 'ਕੂਕਿਆਂ ਦੀ ਵਿਥਿਆ' ਨਾਮੀ ਪੁਸਤਕ ਲਿਖਵਾਈ ਸੀ, ਬਿਲਕੁਲ ਬੇ ਬੁਨਿਆਦ ਅਤੇ ਅਸਲ ਵਾਕਿਆਤ ਤੋਂ ਉਲਟ ਹੈ।

ਸੰਤ ਇੰਦ੍ਰ ਸਿੰਘ ਚਕ੍ਰਵਰਤੀ ਨੇ ਇਸ ਭੂਮਿਕਾ ਵਿਚ ਹੀ ਨਹੀਂ, ਸਗੋਂ "ਮਾਲਵੇਂਦ੍ਰ" 'ਮਹਾ ਕਾਵਿ' ਦੇ ੧੯ ਵੇਂ ਸਰਗ "ਡਾਕ ਦਾ ਮਹਿਕਮਾ" ਵਿਚ ਵੀ ਇਹੋ ਹਵਾੜ ਕੱਢਣ ਲਈ ਮੱਲੋਜ਼ੋਰੀ ਡਾਕਟਰ ਗੰਡਾ ਸਿੰਘ ਦੀ ਕਰੜੀ ਨਿੰਦਾ ਕਰ ਦਿੱਤੀ ਹੈ. ਜਿਵੇਂ ਕਿ ਆਪ ਲਿਖਦੇ ਹਨ:

ਗੰਡਾ ਸਿੰਘ ਜਿਹੇ ਲਾਲਚੀ, ਨੀਚ ਮਹਾਚੰਡਾਲ
ਦੇਸ਼ ਦਰੋਹੀ ਪਾਤਕੀ, ਰਲੇ ਗੋਰਿਆਂ ਨਾਲ
ਆਪਣੇ ਕੋਲੋ ਆਪ ਹੀ, ਲੈਂਦੇ ਲਿਖ ਲਿਖਾਇ
ਇਹ "ਕੂਕਿਆਂ ਦੀ ਵਿਥਿਆ," ਦੇਂਦੇ ਓਨ੍ਹਾਂ ਜਾਇ

(ਦੇਖੋ, ਮਾਲਵੇਂਦ੍ਰ, ਸਫ਼ਾ ੧੯੩)

ਇਸ ਦੇ ਨਾਲ ਹੀ ਇਹ ਗੱਲ ਵੀ ਬੜੇ ਅਫ਼ਸੋਸ ਨਾਲ ਲਿਖਣੀ ਪੈਂਦੀ ਹੈ ਕਿ ਚਕ੍ਰਵਰਤੀ ਜੀ ਨੇ ਇਸ ਅਸਲੀਅਤ ਉਤੇ ਪੜਦਾ ਪਾਣ ਲਈ ਅਤੇ ਪਾਠਕਾਂ ਨੂੰ ਧੋਖਾ ਦੇਣ ਲਈ ਪ੍ਰਸਿੱਧ ਵਿਦਵਾਨ ਡਾਕਟਰ ਮੋਹਨ ਸਿੰਘ 'ਦੀਵਾਨਾ' ਐਮ. ਏ. ਪੀ. ਐਚ. ਡੀ. ਪੰਜਾਬ ਯੂਨੀ-ਵਰਸਿਟੀ, ਸੁਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ, ਡਾਕਟਰ ਗੋਪਾਲ ਸਿੰਘ 'ਦਰਦੀ' ਆਦਿ ਤੋਂ ਤਾਰੀਫ਼ੀ ਰੀਵੀਊ ਵੀ ਇਸ ਪੁਸਤਕ ਦੇ ਕਿਸੇ ਤਰ੍ਹਾਂ ਲਿਖਵਾ ਲਏ ਹਨ ਜੋ ਇਸ ਦੇ ਸ਼ੁਰੂ ਵਿਚ ਹੀ ਛਾਪੇ ਹਨ, ਪਰ ਇਸ ਹਾਲਤ ਵਿਚ ਵੀ ਉਪਰੋਕਤ ਨੁਕਸਾਂ ਦੇ ਕਾਰਣ ਇਸ ਦੀ ਕੋਈ ਅਹਿਮੀਅਤ ਨਹੀਂ ਬਣ ਜਾਂਦੀ ਕਿਉਂਕਿ ਇਸ ਦੀ ਰਚਨਾ ਅਸਲ ਵਿਚ ਕਿਸੇ ਸਾਹਿੱਤਕ ਦ੍ਰਿਸ਼ਟੀਕੋਣ ਤੋਂ ਨਹੀਂ ਸਗੋਂ ਇਕ ਜਾਤੀ ਕਿਸਮ ਦੇ ਪ੍ਰਾਪੇਗੰਡੇ ਨੂੰ ਮੁਖ ਰਖ ਕੇ ਹੋਈ ਸਿੱਧ ਹੁੰਦੀ ਹੈ।

B-1505

★

Digitized by Panjab Digital Library | www.panjabdigilib.org

ਮਨਜੀਤ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਕੰਪਨੀ, ਪਟਿਆਲਾ ਵਿਚ ਛਪੀ ।

Digitized by Panjab Digital Library | www.panjabdigilib.org